## ਅਧਿਆਇ 9

# ਬੁੱਤਪ੍ਰਸਤ ਪਤਨੀਆਂ ਦੀ ਦੁਵਿਧਾ

ਕਿਤਾਬ ਦੇ ਆਖ਼ਰੀ ਦੋ ਅਧਿਆਇਆਂ ਵਿਚ, ਅਜ਼ਰਾ ਨਾ ਸਿਰਫ਼ ਖ਼ੁਦਾ ਦੀ ਸ਼ਰ੍ਹਾ ਦੇ ਸਿਖਾਉਣ ਵਾਲੇ ਦੇ ਰੂਪ ਵਿਚ, ਬਲਕਿ ਇਸ ਨੂੰ ਲਾਗੂ ਕਰਵਾਉਣ ਵਾਲੇ ਦੇ ਰੂਪ ਵਿਚ ਵੀ ਮਿਲਦਾ ਹੈ, ਭਾਵੇਂ ਲਾਗੂ ਕਰਵਾਉਣ ਦੇ ਉਸ ਦੇ ਤਰੀਕੇ ਜ਼ੋਰ-ਜ਼ਬਰਦਸਤੀ ਕਰਨ ਦੀ ਥਾਂ ਸਮਝਾਉਣ ਉੱਤੇ ਨਿਰਭਰ ਸਨ। ਇਨ੍ਹਾਂ ਅਧਿਆਇਆਂ ਵਿਚ ਇਕ ਵਿਸ਼ੇ ਦੀ ਗੱਲ ਕੀਤੀ ਗਈ ਹੈ ਅਤੇ ਇਹ ਵਿਸ਼ਾ ਬੁੱਤਪ੍ਰਸਤਾਂ ਨਾਲ ਵਿਆਹ ਕਰਾਉਣ ਦੇ ਮਸਲੇ ਦਾ ਹੈ। ਅਧਿਆਇ 9 ਵਿਚ ਅਜ਼ਰਾ ਦੇ ਧਿਆਨ ਵਿਚ ਇਹ ਮੁਸ਼ਕਿਲ ਲਿਆਂਦੀ ਗਈ, ਜਿਸ ਕਰਕੇ ਉਸ ਨੇ ਅਫ਼ਸੋਸ ਕੀਤਾ ਅਤੇ ਖੁੱਲ੍ਹੇਆਮ ਇਕਰਾਰ ਅਤੇ ਪਸ਼ਚਾਤਾਪ ਕਰਨ ਲਈ ਦੁਆ ਕੀਤੀ। ਅਧਿਆਇ 10 ਵਿਚ ਲੋਕਾਂ ਨੇ ਆਪਣੀਆਂ ਵਿਦੇਸ਼ੀ ਪਤਨੀਆਂ ਨੂੰ ਤਿਆਗ ਕੇ ਅਜ਼ਰਾ ਦੀ ਚਿੰਤਾ ਦਾ ਜਵਾਬ ਦਿੱਤਾ।

ਅਜ਼ਰਾ ਦੇ ਸੁਧਾਰਾਂ ਦਾ ਨਹਮਯਾਹ ਦੇ ਸੁਧਾਰਾਂ ਨਾਲ ਕੀ ਸਬੰਧ ਹੈ? ਆਮ ਤੌਰ ਤੇ ਸਵੀਕਾਰੀ ਜਾਂਦੀ ਤਰਤੀਬ ਦੇ ਮੁਤਾਬਕ, ਨਹਮਯਾਹ ਅਜ਼ਰਾ ਤੋਂ ਤੇਰਾਂ ਸਾਲਾਂ ਬਾਅਦ ਯਹੂਦਾ ਵਿਚ ਗਿਆ, ਪਰ ਅਜੇ ਵੀ ਉਸ ਨੂੰ ਬੁੱਤਪ੍ਰਸਤ ਪਤਨੀਆਂ ਦੀ ਮੁਸ਼ਕਿਲ ਨਾਲ ਨਜਿੱਠਣਾ ਪਿਆ (ਨਹਮਯਾਹ 13:23-29)। ਉਸ ਤੱਥ ਦੇ ਅਢੁਕਵਾਂ ਲੱਗਣ ਕਰਕੇ ਕਈਆਂ ਨੇ ਇਹ ਮੰਨ ਲਿਆ ਕਿ ਨਹਮਯਾਹ ਯਰੂਸ਼ਲਮ ਵਿਚ ਅਜ਼ਰਾ ਤੋਂ ਪਹਿਲਾਂ ਵਾਪਸ ਗਿਆ। ਪਰ ਮੁਮਕਿਨ ਹੈ ਕਿ ਅਜ਼ਰਾ ਨੇ ਅਜ਼ਰਾ 9 ਅਤੇ 10 ਅਧਿਆਇ ਵਿਚ ਦੱਸੇ ਸੁਧਾਰਾਂ ਨੂੰ ਸ਼ੁਰੂ ਕੀਤਾ ਹੋਵੇ ਅਤੇ ਫਿਰ ਦਸ ਸਾਲਾਂ ਬਾਅਦ, ਕੁਝ ਯਹੂਦੀਆਂ ਉੱਤੇ ਉਸੇ ਪਾਪ ਦਾ ਇਲਜ਼ਾਮ ਲੱਗਾ।

### ਆਗੂਆਂ ਦੀ ਰਿਪੋਰਟ (9:1, 2)

**1ਜਦ ਏਹ ਸਭ ਕੁਝ ਹੋ ਚੁੱਕਿਆ ਤਾਂ ਸਰਦਾਰਾਂ ਨੇ ਮੇਰੇ ਕੋਲ ਆਣ ਕੇ ਆਖਿਆ ਕਿ ਇਸਰਾਏਲ ਦੀ ਪਰਜਾ, ਜਾਜਕ ਤੇ ਲੇਵੀ ਦੇਸਾਂ ਦੀਆਂ ਉੱਮਤਾਂ ਤੋਂ ਅੱਡ ਨਹੀਂ ਰਹੇ ਹਨ ਪਰ ਕਨਾਨੀਆਂ, ਹਿੱਤੀਆਂ, ਫਰਿੱਜੀਆਂ, ਯਬੂਸੀਆਂ, ਅੰਮੋਨੀਆਂ, ਮੋਆਬੀਆਂ, ਮਿਸਰੀਆਂ ਤੇ ਅਮੋਰੀਆਂ ਦੇ ਘਿਣਾਉਣੇ ਕੰਮਾਂ ਦੇ ਅਨੁਸਾਰ ਕਰਦੇ ਹਨ 2ਕਿਉਂ ਜੋ ਓਨ੍ਹਾਂ ਨੇ ਉਨ੍ਹਾਂ ਦੀਆਂ ਧੀਆਂ ਵਿੱਚੋਂ ਆਪਣੇ ਲਈ ਤੇ ਆਪਣੇ ਪੁੱਤ੍ਰਾਂ ਲਈ ਵਿਆਹ ਲਈਆਂ ਹਨ ਅਤੇ ਪਵਿੱਤ੍ਰ ਅੰਸ ਦੇਸਾਂ ਦੀਆਂ ਉੱਮਤਾਂ ਵਿੱਚ ਰਲ ਮਿਲ ਗਈ ਹੈ ਅਤੇ ਏਸ ਬੇਈਮਾਨੀ ਵਿੱਚ ਸਰਦਾਰਾਂ ਤੇ ਹਾਕਮਾਂ ਦਾ ਹੱਥ ਅੱਗੇ ਹੈ।**

ਲੋਕਾਂ ਦੇ ਕੁਝ ਆਗੂਆਂ ਵੱਲੋਂ ਖ਼ੁਦਾ ਦੀ ਬੰਦਗੀ ਕਰਨ ਵਾਲਿਆਂ ਅਤੇ ਮੂਰਤੀਆਂ ਦੀ ਪੂਜਾ ਕਰਨ ਵਾਲਿਆਂ ਵਿਚਕਾਰ ਰਲੇ ਮਿਲੇ ਵਿਆਹਾਂ ਦੀ ਮੁਸ਼ਕਿਲ ਨੂੰ ਅਜ਼ਰਾ ਦੇ ਧਿਆਨ ਵਿਚ ਲਿਆਂਦਾ ਗਿਆ।

**ਆਇਤਾਂ 1, 2.** ਉੱਤਮ ਪੁਰਖ ਵਿਚ ਲਿਖਿਆ, ਅਜ਼ਰਾ ਦੇ ਸੁਧਾਰਾਂ ਦਾ ਵੇਰਵਾ,[1] ਇਹ ਸੰਕੇਤ ਦੇਣ ਨਾਲ ਸ਼ੁਰੂ ਹੁੰਦਾ ਹੈ ਕਿ ਇਹ ਅਜ਼ਰਾ 7 ਅਤੇ 8 ਵਿਚ ਦਰਜ ਯਹੂਦੀਆਂ ਦੇ ਸੁਰੱਖਿਅਤ ਪਹੁੰਚਣ ਤੋਂ ਕੁਝ ਦੇਰ ਬਾਅਦ ਸ਼ੁਰੂ ਹੋਇਆ। **ਏਹ ਸਭ ਕੁਝ ਹੋ ਚੁੱਕਿਆ** ਤੋਂ ਕਿੰਨੀ ਦੇਰ ਬਾਅਦ ਦਾ ਸੁਝਾਅ ਇਸ ਤੱਥ ਤੋਂ ਮਿਲਦਾ ਹੈ ਕਿ ਯਹੂਦੀ ਲੋਕ ਹਾਲਾਤ ਨੂੰ ਸੁਧਾਰਣ ਲਈ ‘‘ਨੌਂਵੇਂ ਮਹੀਨੇ ਦੀ ਵੀਹਵੀਂ

ਤਰੀਕ'' (10:9) ਨੂੰ ਇਕੱਠੇ ਹੋਏ। ਉਹ ''ਪੰਜਵੇਂ ਮਹੀਨੇ ਦੇ ਪਹਿਲੇ ਦਿਨ'' ਪਹੁੰਚੇ ਸਨ (7:9), ਇਹਦਾ ਮਤਲਬ ਇਹ ਹੋਇਆ ਕਿ ਅਧਿਆਇ 9 ਵਾਲੀਆਂ ਘਟਨਾਵਾਂ ਅਜ਼ਰਾ ਦੇ ਯਰੂਸ਼ਲਮ 'ਚ ਪਹੁੰਚਣ ਤੋਂ ਕੋਈ 4½ ਮਹੀਨਿਆਂ ਬਾਅਦ ਵਾਪਰੀਆਂ। ਇਸ ਤੋਂ ਬਾਅਦ ਹੋਣ ਵਾਲੇ ਸੁਧਾਰਾਂ ਲਈ 3½ ਮਹੀਨੇ ਹੋਰ ਲਗ ਗਏ (ਲੀਡਰਾਂ ਦੀ ਚੋਣ ਸਮੇਤ ਲਏ ਗਏ ਸਮੇ; 10:9, 16) ਜੋ ਅਜ਼ਰਾ ਅਤੇ ਉਸ ਦੇ ਨਾਲ ਬਾਬਲ ਤੋਂ ਆਉਣ ਵਾਲਿਆਂ ਦੇ ਪੂਰਾ ਇਕ ਸਾਲ ਬਾਅਦ (7:9) ''ਪਹਿਲੇ ਮਹੀਲੇ ਦੀ ਪਹਿਲੀ ਤਰੀਕ'' ਨੂੰ ਪੂਰੇ ਹੋਏ (10:17)।

ਉਨ੍ਹਾਂ 4½ ਮਹੀਨਿਆਂ ਦੌਰਾਨ ਕੀ ਹੋਇਆ? ਇਕ ਵਿਚਾਰ ਮੁਤਾਬਕ ਨਹਮਯਾਹ 8 ਅਧਿਆਇ ਜਿਸ ਵਿਚ ਉਸ ਸਭਾ ਦਾ ਵਰਣਨ ਹੈ ਜਿਹਦੇ ਸਾਹਮਣੇ ਅਜ਼ਰਾ ਨੇ ''ਸਤਵੇਂ ਮਹੀਨੇ'' ਖ਼ੁਦਾ ਦੀ ਸ਼ਰ੍ਹਾ ਨੂੰ ਪੜ੍ਹ ਕੇ ਸੁਣਾਇਆ ਸੀ (ਨਹਮਯਾਹ 7:73) ਗੁਆਚ ਗਿਆ ਹੈ ਅਤੇ ਸਚਮੁਚ ਅਜ਼ਰਾ 8 ਅਤੇ 9 ਦੇ ਵਿਚਕਾਰ ਆਉਂਦਾ ਹੈ।[2] ਪਰ ਅਜਿਹਾ ਮੰਨਣਾ ਬੇਲੋੜਾ ਹੈ। ਅਜ਼ਰਾ ਨੇ ਆਪਣੇ ਆਉਣ ਦੇ ਸਮੇਂ ਤੋਂ ਲੈ ਕੇ ਲੋਕਾਂ ਨੂੰ ਸ਼ਰ੍ਹਾ ਨੂੰ ਚੰਗੀ ਤਰ੍ਹਾਂ ਸਿਖਾਇਆ ਹੋਵੇਗਾ ਅਤੇ ਨਹਮਯਾਹ ਦੇ ਆਉਣ ਤੋਂ ਬਾਅਦ ਸ਼ਰ੍ਹਾ ਨੂੰ ਪੜ੍ਹਿਆ ਅਤੇ ਸਮਝਾਇਆ ਹੋਵੇਗਾ।

ਇਕ ਸੰਭਾਵਨਾ ਹੈ ਕਿ ਅਜ਼ਰਾ ਸਭ ਸੂਬਿਆਂ ਦੇ ਆਗੂਆਂ ਨੂੰ ਅਰਤਹਸ਼ਸ਼ਤਾ ਦੇ ਹੁਕਮ ਦੀਆਂ ਨਕਲਾਂ ਦੇ ਰਿਹਾ ਸੀ (8:36)।[3] ਇਕ ਹੋਰ ਸੰਭਾਵਨਾ ਇਹ ਹੈ ਕਿ ਉਹ ਇਹ ਪਤਾ ਲਾਉਣ ਵਿਚ ਸਮਾਂ ਲਗਾ ਰਿਹਾ ਸੀ ਕਿ ਸ਼ਰ੍ਹਾ ਨੂੰ ਮੰਨਿਆ ਜਾ ਰਿਹਾ ਹੈ ਜਾਂ ਨਹੀਂ। ਪਰ ਬਹੁਤੀ ਸੰਭਾਵਨਾ ਇਹ ਹੈ ਕਿ ਉਹ ਉਹੀ ਕਰ ਰਿਹਾ ਸੀ ਜੋ ਉਹ ਕਰਨ ਲਈ ਆਇਆ ਸੀ (7:10) ਭਾਵ ਉਹ ਲੋਕਾਂ ਨੂੰ ਸ਼ਰ੍ਹਾ ਸਿਖਾ ਰਿਹਾ ਸੀ। ਆਗੂਆਂ ਵੱਲੋਂ ਉਨ੍ਹਾਂ ਦੀ ''ਬੇਈਮਾਨੀ'' (9:2) ਦੀ ਖ਼ਬਰ ਦੇਣ ਕਰਕੇ ਅਜ਼ਰਾ ਦੀਆਂ ਗਤੀਵਿਧੀਆਂ ਸ਼ੁਰੂ ਹੋਈਆਂ ਸਨ। ਇਹ ਐੱਚ. ਜੀ. ਐੱਮ. ਵਿਲੀਅਮਸਨ ਦੇ ਪੱਖ ਨਾਲ ਮੇਲ ਖਾਂਦਾ ਹੈ ਕਿ ਅਜ਼ਰਾ ਨੂੰ ਹਾਲਾਤ ਦਾ ਪਹਿਲਾਂ ਹੀ ਪਤਾ ਸੀ ਅਤੇ ਉਸ ਨੇ ਹੱਲ ਲਈ ਸੁਝਾਵਾਂ ਦੀ ਰੂਪਰੇਖਾ ਬਣਾ ਲਈ ਸੀ (ਵੇਖੋ 10:3) ਪਰ ਲੋਕਾਂ ਵੱਲੋਂ ਮੁਸ਼ਕਿਲ ਦਾ ਸਾਹਮਣਾ ਕਰਕੇ ਉਸ ਨੂੰ ਹੱਲ ਕਰਨ ਤਕ ਕਾਰਵਾਈ ਨਹੀਂ ਕੀਤੀ।[4]

ਆਖ਼ਰੀ ਦੋ ਅਧਿਆਇਆਂ ਵਿਚ ਦੱਸਿਆ ਗਿਆ ਸੁਧਾਰ ਉਦੋਂ ਸ਼ੁਰੂ ਹੋਇਆ ਜਦੋਂ **ਸਰਦਾਰਾਂ** (''ਆਗੂਆਂ''; NIV)[5] ਨੇ ਅਜ਼ਰਾ ਨੂੰ ਜਾਣਕਾਰੀ ਦਿੱਤੀ ਕਿ **ਇਸਰਾਏਲ ਦੀ ਪਰਜਾ, ਜਾਜਕ ਤੇ ਲੇਵੀ ਦੇਸਾਂ ਦੀਆਂ ਉੱਮਤਾਂ ਤੋਂ ਅੱਡ ਨਹੀਂ ਰਹੇ ਹਨ** ਬਲਕਿ ਉਨ੍ਹਾਂ ਨੇ ਉਨ੍ਹਾਂ ਨਾਲ ਆਪੋ ਵਿਚ ਵਿਆਹ ਕਰ ਲਏ ਸਨ।

ਇੱਥੇ ''ਦੇਸਾਂ ਦੀਆਂ ਉੱਮਤਾਂ'' ਕਿਨ੍ਹਾਂ ਨੂੰ ਕਿਹਾ ਗਿਆ ਹੈ? ਬੁਨਿਆਦੀ ਤੌਰ ਤੇ ਇਹ ਗੈਰ–ਇਸਰਾਏਲੀ ਲੋਕ ਸਨ ਭਾਵੇਂ ਇਨ੍ਹਾਂ ਵਿੱਚੋਂ ਕਈ ਉੱਤਰੀ ਰਾਜ ਦੇ ਇਸਰਾਏਲੀਆਂ ਦੀ ਸੰਤਾਨ ਸਨ ਜਿਨ੍ਹਾਂ ਨੇ ਉਸ ਰਾਜ ਦੀ ਬਰਬਾਦੀ ਤੋਂ ਬਾਅਦ ਗੈਰਕੌਮਾਂ ਨਾਲ ਵਿਆਹ ਕਰ ਲਏ ਸਨ। ਲੇਖਕ ਨੇ ਇੱਥੇ, **ਕਨਾਨੀਆਂ, ਹਿੱਤੀਆਂ, ਫਰਿੱਜੀਆਂ, ਯਬੂਸੀਆਂ, ਅੰਮੋਨੀਆਂ, ਮੋਆਬੀਆਂ, ਮਿਸਰੀਆਂ ਤੇ ਅਮੋਰੀਆਂ** ਨਾਮਕ ਅੱਠ ਕੌਮਾਂ ਦਾ ਜ਼ਿਕਰ ਕੀਤਾ। ਇਹ ਲਿਸਟ ਇਸਰਾਏਲ ਦੇ ਕਨਾਨ ਦੀ ਫ਼ਤਹਿ ਤੋਂ ਪਹਿਲਾਂ ਦੇਸ਼ ਵਿਚ ਵੱਸਦੀਆਂ ਕੌਮਾਂ ਦੀਆਂ ਲਿਸਟਾਂ ਨਾਲ ਮੇਲ ਖਾਂਦੀ ਹੈ, ਪਰ ਉਨ੍ਹਾਂ ਨਾਲੋਂ ਥੋੜ੍ਹੀ ਜਿਹੀ ਫ਼ਰਕ ਹੈ (ਉਤਪਤ 15:19–21; ਕੂਚ 3:8, 17; 23:23; 33:2; 34:11; ਬਿਵਸਥਾ ਸਾਰ 7:1; 20:17; ਯਹੋਸ਼ੁਆ 12:8)। ਇਨ੍ਹਾਂ ਕੌਮਾਂ ਨੂੰ ਇਸਰਾਏਲ ਦੇ ਸਾਰੇ ਗੁਆਂਢੀਆਂ ਦੇ ਨੁਮਾਇੰਦਿਆਂ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਵਿਚ ਇਕ ਗੱਲ ਖ਼ਾਸ ਸੀ ਕਿ ਉਹ **ਘਿਨਾਉਣੇ ਕੰਮਾਂ** ਦੇ ਦੋਸ਼ੀ ਸਨ, ਜੋ ਕਿ ਬੁੱਤਪ੍ਰਸਤੀ ਅਤੇ ਹੋਰ ਘਿਨਾਉਣੀਆਂ ਰੀਤਾਂ ਜਿਹੜੀਆਂ ਇਸ ਵਿਚ ਪਾਈਆਂ ਜਾਂਦੀਆਂ ਸਨ, ਨੂੰ ਕਹਿਣ ਦਾ ਇਕ ਸੰਕੇਤਕ ਢੰਗ ਸੀ।

ਹੈਰਾਨੀ ਦੀ ਗੱਲ ਹੈ ਕਿ **ਏਸ ਬੇਈਮਾਨੀ ਵਿੱਚ ਸਰਦਾਰਾਂ ਤੇ ਹਾਕਮਾਂ ਦਾ ਹੱਥ ਅੱਗੇ** ਸੀ। ਇਹ

ਲੋਕ ਆਗੂ ਸਨ ਪਰ ਅਗਵਾਈ ਗਲਤ ਦਿਸ਼ਾ ਵਿਚ ਕਰ ਰਹੇ ਸਨ। ਭਲਾ ਇਹ ਤਰਕਸੰਗਤ ਹੈ ਕਿ ''ਸਰਦਾਰਾਂ'' (ਜਾਂ ਆਗੂਆਂ) ਨੇ ਅਜ਼ਰਾ ਨੂੰ ਰਲੇ ਮਿਲੇ ਵਿਆਹਾਂ ਦੀ ਮੁਸ਼ਕਿਲ ਦੀ ਖ਼ਬਰ ਦਿੱਤੀ ਜਦ ਕਿ ''ਸਰਦਾਰਾਂ'' (ਜਾਂ ਆਗੂਆਂ) ਦਾ ਵੀ ''ਬੇਈਮਾਨੀ ਵਿਚ ਹੱਥ ਅੱਗੇ'' ਸੀ? ਇਹ ਮੰਨਦੇ ਹੋਏ ਕਿ ਆਗੂਆਂ ਦੀ ਇਕ ਟੋਲੀ ਇਸ ਗੱਲ ਤੋਂ ਪਰੇਸ਼ਾਨ ਸੀ ਕਿ ਦੂਜੇ ਆਗੂ ਇਸ ਪਾਪ ਦੇ ਦੋਸ਼ੀ ਹਨ, ਇਨ੍ਹਾਂ ਦੋਹਾਂ ਵਿਚਾਰਾਂ ਨੂੰ ਮਿਲਾਇਆ ਜਾ ਸਕਦਾ ਹੈ। ਇਕ ਹੋਰ ਬਦਲ ਇਹ ਮੰਨ ਲੈਣਾ ਹੈ ਕਿ ਕੁਝ ਆਗੂ ਪਰੇਸ਼ਾਨ ਸਨ ਕਿਉਂ ਜੋ ਉਨ੍ਹਾਂ ਵਿੱਚੋਂ ਕੁਝ ਲੋਕਾਂ ਨੇ ਇਹ ਪਾਪ ਕੀਤਾ ਸੀ ਅਤੇ ਇਸ ਕਰਕੇ ਉਨ੍ਹਾਂ ਨੇ ਸਮੂਹਕ ਤੌਰ ਤੇ ਜਿਵੇਂ ਅਜ਼ਰਾ ਨੇ ਆਪਣੀ ਦੁਆ ਵਿਚ ਕੀਤਾ, ਪੂਰੀ ਬਰਾਦਰੀ ਦੀ ਤਰਫ਼ੋਂ ਪਾਪ ਨੂੰ ਮੰਨ ਲਿਆ।

''ਸਰਦਾਰਾਂ'' ਨੂੰ ਕੀ ਪਰੇਸ਼ਾਨੀ ਸੀ ਅਤੇ ਅਜ਼ਰਾ ਅਤੇ (ਬਾਅਦ ਵਿਚ) ਨਹਮਯਾਹ ਯਹੂਦੀਆਂ ਦੇ ਆਪਣੇ ਗੈਰਯਹੂਦੀ ਗੁਆਂਢੀਆਂ ਨਾਲ ਵਿਆਹ ਕਰਨ ਤੋਂ ਦੁਖੀ ਕਿਉਂ ਹੋਏ? ਭਲਾ ਵਿਦੇਸ਼ੀਆਂ ਦੇ ਵਿਰੁੱਧ ਇਹ ਪੱਖਪਾਤ ਜਾਂ ਮੁਤੱਅਸਬ ਉਨ੍ਹਾਂ ਦੀ ਤੰਗਦਿਲੀ ਨੂੰ ਦਿਖਾਉਂਦਾ ਸੀ? ਯਹੂਦੀ ਲੋਕ ਆਪਣੇ ਆਪ ਨੂੰ ਦੂਜਿਆਂ ਨਾਲੋਂ ਸਰੇਸ਼ਠ ਮੰਨਦੇ ਹੋਣਗੇ ਅਤੇ ਇਸ ਕਰਕੇ ਉਨ੍ਹਾਂ ਨੇ ਆਮ ਲੋਕਾਂ ਨਾਲ **ਪਵਿੱਤਰ ਅੰਸ** ਦੇ ਲਹੂ ਨੂੰ ਨਾ ਮਿਲਾਉਣ ਦਾ ਧਾਰਿਆ ਹੋਇਆ ਸੀ। ਇਹ ਸੱਚ ਹੋ ਸਕਦਾ ਹੈ ਪਰ ਨਿਰੇ ਪੱਖਪਾਤ ਜਾਂ ਸਰੇਸ਼ਠ ਹੋਣ ਦੇ ਵਿਚਾਰ ਨਾਲੋਂ, ਮਿਲੇ ਜੁਲੇ ਵਿਆਹਾਂ ਨੂੰ ਆਗੂਆਂ ਵੱਲੋਂ ਠੁਕਰਾਏ ਜਾਣ ਦੀ ਗੱਲ ਬਹੁਤੀ ਹੈ।

*ਇਸ ਵਿਚ ਇਕ ਮਹੱਤਵਪੂਰਣ ਨਿਅਮ ਸ਼ਾਮਿਲ ਹੈ: ਅਲਹਿਦਗੀ ਦਾ ਨਿਅਮ।* ਖ਼ੁਦਾ ਨੇ ਇਸਰਾਏਲ ਨੂੰ ''ਪਵਿੱਤਰ ਕੌਮ'' ਬਣਨ ਲਈ ਸੱਦਿਆ ਸੀ (ਕੂਚ 19:6), ਅਤੇ ਪਵਿੱਤਰਤਾਈ ਦੀ ਧਾਰਣਾ ਵਿਚ ਖ਼ੁਦਾ ਲਈ ਅੱਡ ਹੋਣ ਅਤੇ ਆਪਣੇ ਆਪ ਨੂੰ ਉਸ ਸਭ ਨਾਲੋਂ ਜੋ ਕਿ ਪਵਿੱਤਰ ਨਹੀਂ ਹੈ, ਦੂਰ ਕਰਨ ਦਾ ਵਿਚਾਰ ਸ਼ਾਮਿਲ ਹੈ। ਇਸਰਾਏਲੀਆਂ ਨੂੰ ਇਕ ਵਿਲੱਖਣ, ਅੱਡ ਕੀਤੇ ਹੋਏ ਅਤੇ ਪਵਿੱਤਰ ਲੋਕ ਹੋਣ ਲਈ ਸੱਦਿਆ ਗਿਆ ਸੀ। ਜਿਸ ਅੱਡ ਹੋਣ ਲਈ ਖ਼ੁਦਾ ਨੇ ਇਸਰਾਏਲੀਆਂ ਨੂੰ ਸੱਦਿਆਂ ਸੀ ਉਹ ਮੁੱਖ ਤੌਰ ਤੇ ਸਰੀਰਕ ਅਲਗਾਵ ਸੀ। ਇਸਰਾਏਲੀ ਜਾਂ ਯਹੂਦੀ ਲੋਕ ਦੂਜੇ ਲੋਕਾਂ ਦੇ ਸੰਪਰਕ ਵਿਚ ਰਹਿੰਦੇ ਸਨ ਅਤੇ ਇਸਰਾਏਲੀਆਂ ਵੱਲੋਂ ਦੂਜੀਆਂ ਕੌਮਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਵਿਸ਼ਵਾਸ ਵਿਚ ਬਦਲ ਕੇ ਸ਼ਾਮਿਲ ਹੋਣ ਤੇ ਸਵਾਗਤ ਕੀਤਾ ਜਾਂਦਾ ਹੈ। ਇਹਦਾ ਮਤਲਬ ਇਹ ਹੋਇਆ ਕਿ ਇਹ ਅੱਡ ਹੋਣਾ ਧਾਰਮਿਕ ਅਤੇ ਰੂਹਾਨੀ ਅਲਹਿਦਗੀ ਦਾ ਮਾਮਲਾ ਸੀ। ਖ਼ੁਦਾ ਦੇ ਲੋਕਾਂ ਨੇ ਦੂਜੇ ਲੋਕਾਂ ਨਾਲੋਂ ਇਸ ਅਰਥ ਵਿਚ ਕਦੇ ਵੀ ਨਹੀਂ ਮਿਲਣਾ ਸੀ ਜਿਸ ਨਾਲ ਇਸਰਾਏਲ ਦੇ ਵਿਸ਼ਵਾਸ ਨਾਲ ਸਮਝੌਤਾ ਹੋ ਜਾਵੇ।

*ਇਸਰਾਏਲੀਆਂ ਦੇ ਅੱਡ ਹੋਣ ਦਾ ਮਕਸਦ ''ਘਿਨਾਉਣੀਆਂ ਗੱਲਾਂ''* – ਤੋਂ ਬਚਣਾ ਭਾਵ ਆਪਣੇ ਆਪ ਨੂੰ ਆਪਣੇ ਆਲੇ ਦੁਆਲੇ ਦੀਆਂ ਕੌਮਾਂ ਦੇ ਨਾਲ ਦੂਜੇ ਦੇਵਤਿਆਂ ਦੀ ਪੂਜਾ ਵਿਚ ਸ਼ਾਮਿਲ ਕਰਨ ਤੋਂ ਰੂਰ ਰੱਖਣਾ ਸੀ। ਬੁੱਤਪ੍ਰਸਤੀ ਦੇ ਨਾਲ ਨਾਲ ਹੋਰ ਅਨੈਤਿਕ ਕੰਮ ਅਤੇ ਵਰਜੀਆਂ ਗਈਆਂ ਧਾਰਮਿਕ ਰੀਤਾਂ ਇਸ ਕਰਕੇ ਸਰਦਾਰਾਂ ਦਾ ਵਿਰੋਧ ਨਿਰਾ ''ਦੇਸਾਂ ਦੇ ਲੋਕਾਂ'' ਦੇ ਵਿਰੋਧ ਵਿਚ ਨਹੀਂ ਬਲਕਿ ''ਉਨ੍ਹਾਂ ਦੀਆਂ ਘਿਨਾਉਣੀਆਂ ਗੱਲਾਂ'' ਦੇ ਵਿਰੋਧ ਵਿਚ ਸੀ।

*ਰੀਤ ਜਿਸ ਨਾਲ ਅਲਹਿਦਗੀ ਦਾ ਉਹ ਨਿਯਮ ਟੁੱਟਿਆ ਅਤੇ ਜਿਹੜਾ ਮਕਸਦ ਦੂਜੀਆਂ ਕੌਮਾਂ ਨਾਲ ਆਪੋ ਵਿਚ ਵਿਆਹ ਕਰਨ ਲਈ ਸੀ।* ਯਹੂਦੀਆਂ ਦੇ ਪਵਿੱਤਰ ਇਤਹਾਸ ਵਿਚ ''ਖ਼ੁਦਾ ਦੇ ਲੋਕਾਂ'' ਜਾਂ ਵਿਸ਼ਵਾਸੀਆਂ ਵੱਲੋਂ ਮੂਰਤੀਆਂ ਦੀ ਪੂਜਾ ਕਰਨ ਵਾਲਿਆਂ ਨਾਲ ਮੇਲਜੋਲ ਅਤੇ ਆਪੋ ਵਿਚ ਵਿਆਹ ਕਰਨ ਨਾਲ ਹੋਣ ਵਾਲੀ ਬੇਦੀਨੀ ਦੀਆਂ ਕਈ ਉਦਾਹਰਣਾਂ ਸਨ (ਵੇਖੋ ਉਤਪਤ 6:1–7; ਗਿਣਤੀ 25:1–5; ਨਿਆਈਆਂ 2:10–16; 1 ਰਾਜਿਆਂ 11:1–13; ਨਹਮਯਾਹ 13:26)।

''ਪਵਿੱਤਰ ਕੌਮ'' (***zera' haqqodesh***, *ਜ਼ੇਰਾ ਹੱਕੋਦੇਸ਼*), ''ਪਵਿੱਤਰ ਅੰਸ'' ਲਈ ਸਰਦਾਰਾਂ

ਦੀ ਚਿੰਤਾ ਖ਼ੁਦਾ ਦੇ ਲੋਕਾਂ ਦੀ ਪਵਿੱਤਰਤਾਈ ਉੱਤੇ ਕੇਂਦ੍ਰਿਤ ਸੀ। ਉਹ ''ਅਬਰਾਹਾਮ ਦੀ ਅੰਸ'' ਭਾਵ ਪੁਰਖਿਆਂ ਦੀ ਸੰਤਾਨ ਸਨ ਅਤੇ ਉਹ ਲੋਕ ਸਨ ਜਿਨ੍ਹਾਂ ਦੇ ਰਾਹੀਂ ਅਖ਼ੀਰ ਵਿਚ ''ਸਾਰੀਆਂ ਕੌਮਾਂ'' ਨੂੰ ''ਬਰਕਤ'' ਮਿਲਣੀ ਸੀ (ਉਤਪਤ 26:4; KJV)। ਉਨ੍ਹਾਂ ਦੀ ਨਿਰਾਸ਼ਾ ਨੂੰ ਮਸੀਹੀ ਨਜ਼ਰੀਏ ਤੋਂ ਇਸ ਗੱਲ ਵਿਚ ਸਮਝਿਆ ਜਾ ਸਕਦਾ ਹੈ ਕਿ ਜੇ ਯਹੂਦੀ ਲੋਕ ਦੂਜਿਆਂ ਨਾਲ ਵਿਆਹ ਕਰਦੇ ਰਹਿੰਦੇ ਤਾਂ ਇਹ ਹੋਣਾ ਸੀ ਕਿ ਯਹੂਦੀਆਂ ਦੀ ਆਪਣੀ ਪਛਾਣ ਖ਼ਤਮ ਹੋ ਜਾਣੀ ਸੀ। ਸਭ ਤੋਂ ਵੱਧ ਇੰਤਿਹਾ ਤਾਂ ਇਸ ਗੱਲ ਵਿਚ ਹੋਣੀ ਸੀ, ਮਸੀਹਾ ਦੇ ਆਉਣ ਦੀ ਉਮੀਦ ਦੇ ਨਾਲ–ਨਾਲ ਧਰਤੀ ਤੋਂ ਯਹੋਵਾਹ ਦਾ ਅਸਲ ਵਿਸ਼ਵਾਸ ਖ਼ਤਮ ਹੋ ਸਕਦਾ ਸੀ।

ਯਹੂਦੀਆਂ ਤੇ ਸ਼ਰ੍ਹਾ ਨੂੰ ਨਾ ਮੰਨਣ ਨਾਲ ਸਬੰਧਿਤ ''ਬੇਈਮਾਨੀ'' ਦਾ ਖ਼ਾਸ ਇਲਜ਼ਾਮ ਸੀ ਜਿਸ ਵਿਚ ਵਿਦੇਸ਼ੀਆਂ ਨਾਲ ਵਿਆਹ ਕਰਨ ਦੀ ਮਨਾਹੀ ਸੀ (ਕੂਚ 34:11–17; ਬਿਵਸਥਾ ਸਾਰ 7:1–6)। ਖ਼ੁਦਾ ਨੇ ਸ਼ਰ੍ਹਾ ਇਸ ਕਰਕੇ ਦਿੱਤੀ ਸੀ, ਕਿਉਂ ਜੋ ਉਹ ਜਾਣਦਾ ਸੀ ਕਿ ਅਜਿਹੇ ਵਿਆਹਾਂ ਨਾਲ ਇਸਰਾਏਲੀ ਉਸ ਵਿਚ ਵਿਸ਼ਵਾਸ ਕਰਨਾ ਛੱਡ ਦੇਣਗੇ ਅਤੇ ਹੋਰਨਾਂ ਦੇਵਤਿਆਂ ਦੀ ਪੂਜਾ ਵੱਲ ਤੁਰ ਜਾਣਗੇ। ਬਿਵਸਥਾ ਸਾਰ 7:3, 4 ਵਿਚ ਯਹੂਦੀਆਂ ਨੂੰ ਦੇਸ਼ ਦੇ ਲੋਕਾਂ ਨਾਲ ''ਵਿਆਹ ਨਾ'' ਕਰਨ ਦਾ ਹੁਕਮ ਸੀ। ਕਿਉਂ ਜੋ ਇਸ ਨਾਲ ਉਹ ਯਹੋਵਾਹ ਨੂੰ ਛੱਡ ''ਹੋਰਨਾਂ ਦੇਵਤਿਆਂ ਦੀ ਪੂਜਾ ਕਰਨ'' ਲਗ ਪੈ ਸਕਦੇ ਸਨ। ਇਸਰਾਏਲੀ ਭਾਵੇਂ ਗ਼ੈਰਕੌਮਾਂ ਨੂੰ ਯਹੂਦੀ ਮੁਰੀਦ ਬਣਨ ਦੀ ਇਜਾਜ਼ਤ ਤਾਂ ਦਿੰਦੇ ਹੀ ਸਨ, ਪਰ ਅਜ਼ਰਾ ਦੇ ਸਮੇਂ ਦੇ ਲੋਕ ਉਨ੍ਹਾਂ ਵਿਦੇਸ਼ੀ ਪਤਨੀਆਂ ਨਾਲ ਵਿਆਹ ਕਰ ਰਹੇ ਸਨ ਜਿਹੜੀਆਂ ਯਹੂਦੀ ਮੁਰੀਦ ਨਹੀਂ ਸਨ। ਇਹ ਕਾਫ਼ਿਰ ਪਤਨੀਆਂ ਦੂਜੇ ਦੇਵਤਿਆਂ ਦੀ ਪੂਜਾ ਕਰਦੀਆਂ ਰਹਿੰਦੀਆਂ ਹੋਣਗੀਆਂ ਅਤੇ ਇਸ ਨਾਲ ਅਜਿਹਾ ਕਰਕੇ ਆਪਣੇ ਪਤੀਆਂ ਅਤੇ ਬੱਚਿਆਂ ਨੂੰ ਵੀ ਪ੍ਰਭਾਵਿਤ ਕਰਦੀਆਂ ਹੋਣਗੀਆਂ।

ਵਿਦੇਸ਼ੀ ਪਤੀ ਜਾਂ ਪਤਨੀ ਦਾ ਪ੍ਰਭਾਵ ਰਲ਼ੇ ਦਾ ਕਾਰਣ ਵੀ ਬਣ ਸਕਦਾ ਸੀ। ਇੱਥੇ ਯਹੂਦੀਆਂ ਵੱਲੋਂ ਯਹੋਵਾਹ ਦਾ ਸਨਮਾਨ ਕਾਫ਼ਿਰ ਲੋਕਾਂ ਦੇ ਤਰੀਕੇ ਵਾਂਗ ਕਰਨ ਨਾਲ ਉਨ੍ਹਾਂ ਦੀ ਬੰਦਗੀ ਵਿਚ ਵਿਗਾੜ ਪੈ ਸਕਦਾ ਸੀ। ਇਹ ਵੀ ਹੋ ਸਕਦਾ ਹੈ ਕਿ ਇਹ ਯਹੂਦੀ ਆਪਣੀਆਂ ਵਿਦੇਸ਼ੀ ਪਤਨੀਆਂ ਨਾਲ ਵਿਆਹ ਕਰਕੇ ਕਿਸੇ ਹੋਰ ਪਾਪ ਦੇ ਦੋਸ਼ੀ ਹੋਣ। ਜਿਵੇਂ ਉਨ੍ਹਾਂ ਨਾਲ ਵਿਆਹ ਕਰਨ ਲਈ ਉਨ੍ਹਾਂ ਨੇ ਆਪਣੀਆਂ ਯਹੂਦੀ ਪਤਨੀਆਂ ਨੂੰ ਛੱਡਿਆ ਹੋਵੇ। ਇਹ ਉਹ ਪਾਪ ਸੀ ਜਿਸ ਦਾ ਇਲਜ਼ਾਮ ਮਲਾਕੀ ਨੇ ਤਕਰੀਬਨ ਇਸੇ ਸਮੇਂ ਨਬੂਵਤ ਕਰਦਿਆਂ, ਉਨ੍ਹਾਂ ਉੱਤੇ ਲਾਇਆ (ਮਲਾਕੀ 2:10–16)।

## ਅਜ਼ਰਾ ਦੀ ਪ੍ਰਤੀਕਿਰਿਆ (9:3, 4)

**3ਜਦ ਮੈਂ ਇਹ ਗੱਲ ਸੁਣੀ ਤਾਂ ਆਪਣੇ ਬਸਤ੍ਰ ਅਤੇ ਆਪਣੀ ਚਾਦਰ ਪਾੜ ਛੱਡੀ ਅਤੇ ਸਿਰ ਤੇ ਦਾਹੜੀ ਦੇ ਬਾਲ ਪੁੱਟ ਸੁੱਟੇ ਅਰ ਨਿਮੂਝਾਣਾ ਹੋ ਕੇ ਬੈਠ ਗਿਆ 4ਤਦ ਓਹ ਸਾਰੇ ਜਿਹੜੇ ਇਸਰਾਏਲ ਦੇ ਪਰਮੇਸ਼ੁਰ ਦੀਆਂ ਗੱਲਾਂ ਤੋਂ ਕੰਬਦੇ ਸਨ ਉਨ੍ਹਾਂ ਅਸੀਰਾਂ ਦੀ ਬੇ ਈਮਾਨੀ ਦੇ ਕਾਰਣ ਮੇਰੇ ਕੋਲ ਇਕੱਠੇ ਹੋ ਗਏ ਅਤੇ ਮੈਂ ਸੰਝ ਦੀ ਬਲੀ ਦੇ ਚੜ੍ਹਾਉਣ ਤੀਕ ਨਿਮੂਝਾਣਾ ਬੈਠਾ ਰਿਹਾ।**

**ਆਇਤ 3.** ਆਪਣੇ **ਬਸਤ੍ਰ ਅਤੇ ਆਪਣੀ ਚਾਦਰ** ਪਾੜਦਿਆਂ, ਆਪਣੇ **ਸਿਰ ਤੇ ਦਾਹੜੀ ਦੇ ਬਾਲ** ਪੁੱਟਦਿਆਂ ਹੋਇਆਂ ਅਤੇ ਖਾਮੋਸ਼ੀ ਨਾਲ **ਨਿੰਮੂਝਾਣਾ ਹੋ ਕੇ ਬੈਠ** ਕੇ ਆਪਣੀਆਂ ਜ਼ਬਰਦਸਤ ਭਾਵਨਾਵਾਂ ਦਾ ਇਜ਼ਹਾਰ ਕੀਤਾ। ਆਪਣੇ ਕੱਪੜੇ ਪਾੜਨਾ ਅਤੇ ਆਪਣੇ ਵਾਲ ਪੁੱਟਣਾ ਦੁੱਖ ਅਤੇ ਸੋਗ ਨੂੰ ਵਿਖਾਉਣ ਦੇ ਰਵਾਇਤੀ ਢੰਗ ਸਨ। ਅਜ਼ਰਾ ਲਈ ਇਹ ਕੰਮ ਢੁਕਵੇਂ ਸਨ ਕਿਉਂ ਜੋ ਉਸ ਨੇ ਯਹੂਦਾ ਲਈ ਸੋਗ ਕੀਤਾ ਅਤੇ ਦੁੱਖ ਮਨਾਇਆ। ਉਸ ਨੇ ਆਪਣੇ ਆਪ ਨੂੰ ਲਾਚਾਰ ਵਿਖਾਇਆ ਕਿਉਂ ਜੋ ਯਹੂਦੀ

ਲੋਕ ਜਿਨ੍ਹਾਂ ਨੂੰ ਉਨ੍ਹਾਂ ਦੀ ਬੁੱਤਪ੍ਰਸਤੀ ਕਰਕੇ ਅਸੀਰੀ ਵਿਚ ਲਿਜਾਇਆ ਗਿਆ ਸੀ, ਫੇਰ ਤੋਂ ਆਪਣੇ ਪੁਰਾਣੇ ਤੌਰ-ਤਰੀਕਿਆਂ ਵੱਲ ਵਾਪਸ ਆ ਰਹੇ ਸਨ। ਉਹ ਦੂਜੇ ਦੇਵਤਿਆਂ ਦੀ ਪੂਜਾ ਕਰਨ ਲਈ ਯਹੋਵਾਹ ਖ਼ੁਦਾ ਨੂੰ ਛੱਡ ਦੇਣ ਦੇ ਰਾਹ ਤੇ ਸਨ! ਬਰਬਾਦੀ ਤੋਂ ਬਚ ਜਾਣ ਤੋਂ ਬਾਅਦ ਉਹ ਉਹੀ ਪਾਪ ਕਰ ਰਹੇ ਸਨ ਜਿਨ੍ਹਾਂ ਕਰਕੇ ਉਹ ਬਰਬਾਦ ਹੋਏ ਸਨ! ਵਿਦੇਸ਼ੀਆਂ ਦੀਆਂ ''ਧੀਆਂ'' ਨਾਲ ਵਿਆਹ ਕਰਨ (9:2) ਦਾ ਮਤਲਬ ਉਨ੍ਹਾਂ ਦੇ ਦੇਵਤਿਆਂ ਨੂੰ ਕਬੂਲ ਕਰਨਾ ਸੀ। ਹੈਰਾਨੀ ਦੀ ਗੱਲ ਨਹੀਂ ਕਿ ਅਜ਼ਰਾ ਇਸੇ ਕਰਕੇ ਪਰੇਸ਼ਾਨ ਸੀ!

**ਆਇਤ 4.** ਅਜ਼ਰਾ ਦੇ ਨਾਲ ਹੋਰ ਵੀ ਲੋਕ ਜੁੜ ਗਏ। **ਤਦ ਓਹ ਸਾਰੇ ਜਿਹੜੇ ਇਸਰਾਏਲ ਦੇ ਪਰਮੇਸ਼ੁਰ ਦੀਆਂ ਗੱਲਾਂ ਤੋਂ ਕੰਬਦੇ ਸਨ ਉਨ੍ਹਾਂ ਅਸੀਰਾਂ ਦੀ ਬੇ ਈਮਾਨੀ ਦੇ ਕਾਰਣ** ਉਹਦੇ ਦੁਆਲੇ **ਇਕੱਠੇ ਹੋ ਗਏ**। ਇਹ ਯਹੂਦੀ ਬਰਾਦਰੀ ਦੇ ਅੰਦਰ ਦੇ ਕਿਸੇ ਟੋਲੇ ਦੀ ਗੱਲ ਹੋ ਸਕਦੀ ਹੈ ਜਿਹੜੇ ਸ਼ਰ੍ਹਾ ਨੂੰ ਸਖ਼ਤੀ ਨਾਲ ਲਾਗੂ ਕਰਵਾਉਣ ਦੇ ਹੱਕ ਵਿਚ ਸਨ। ਉਨ੍ਹਾਂ ਨੂੰ ਪਤਾ ਸੀ (ਜਾਂ ਹਾਲ ਹੀ ਵਿਚ ਪਤਾ ਲੱਗਾ ਸੀ) ਕਿ ਬੁੱਤਪ੍ਰਸਤਾਂ ਨਾਲ ਵਿਆਹ ਕਰਨ ਨਾਲ ਸਬੰਧਿਤ ਖ਼ੁਦਾ ਦੀ ਸ਼ਰ੍ਹਾ ਕੀ ਕਹਿੰਦੀ ਹੈ ਅਤੇ ਉਨ੍ਹਾਂ ਨੂੰ ਖ਼ੁਦਾ ਦੀ ਸ਼ਰ੍ਹਾ ਨੂੰ ਤੋੜਨ ਦੀਆਂ ਸਜ਼ਾਵਾਂ ਦਾ ਵੀ ਪਤਾ ਸੀ। ਉਨ੍ਹਾਂ ਨੂੰ ਇਹ ਸਮਝ ਆ ਗਈ ਕਿ ਉਨ੍ਹਾਂ ਦੀ ''ਬੇਈਮਾਨੀ'' ਨਾਲ, ਜਿਨ੍ਹਾਂ ਨੇ ਕਾਫ਼ਿਰਾਂ ਨਾਲ ਵਿਆਹ ਕਰ ਲਏ ਸਨ, ਪੂਰੀ ਕੌਮ ਨੂੰ ਖ਼ੁਦਾ ਵੱਲੋਂ ਛੱਡ ਦਿੱਤੇ ਜਾਣ ਜਾਂ ਸਜ਼ਾ ਦਿੱਤੇ ਜਾਣ ਦਾ ਖ਼ਤਰਾ ਪੈ ਗਿਆ। ਇਸੇ ਕਰਕੇ ਉਹ ਅਜ਼ਰਾ ਨੂੰ ਵੇਖ ਕੇ ਅਤੇ ਉਹਦੇ ਵੱਲੋਂ ਬੋਲੇ ਜਾਣ ਦੀ ਉਡੀਕ ਕਰਦਿਆਂ ਉਹਦੇ ਨਾਲ ਰਲ ਕੇ ਦੁਖੀ ਹੋ ਕੇ ਖਲੋ ਗਏ। ਦੁਖੀ ਹੋਏ ਹੋਏ ਯਾਜਕ ਦੇ ਦੁਆਲੇ ਭੀੜ ਜਮ੍ਹਾਂ ਹੋ ਗਈ। ਅਜ਼ਰਾ **ਸੰਝ ਦੀ ਬਲੀ ਦੇ ਚੜ੍ਹਾਉਣ ਤੀਕ** ਸਾਰਾ ਦਿਨ **ਨਿਮੂਝਾਨਾ ਬੈਠਾ ਰਿਹਾ।** ਇਹ 3 ਕੁ ਵਜੇ ਸ਼ਾਮ ਨੂੰ ਹੋਇਆ ਹੋਵੇਗਾ, ਜਿਸ ਨੂੰ ''ਪ੍ਰਾਰਥਨਾ ਕਰਨ ਦੇ ਵੇਲੇ'' ਵਜੋਂ ਜਾਣਿਆ ਜਾਂਦਾ ਸੀ (ਕਰਤੱਬ 3:1)।

## ਇਕਰਾਰ ਦੀ ਅਜ਼ਰਾ ਦੀ ਦੁਆ (9:5-15)

**[5]ਸੰਝ ਦੀ ਬਲੀ ਚੜ੍ਹਾਉਣ ਦੇ ਵੇਲੇ ਮੈਂ ਵਰਤ ਤੋਂ ਉੱਠਿਆ ਅਤੇ ਆਪਣੇ ਬਸਤ੍ਰ ਤੇ ਆਪਣੀ ਚਾਦਰ ਪਾੜ ਕੇ ਆਪਣੇ ਗੋਡਿਆਂ ਉੱਤੇ ਝੁੱਕਿਆ ਅਤੇ ਯਹੋਵਾਹ ਆਪਣੇ ਪਰਮੇਸ਼ੁਰ ਦੇ ਅੱਗੇ ਆਪਣੇ ਹੱਥ ਅੱਡੇ [6]ਤਾਂ ਮੈਂ ਆਖਿਆ, ਹੇ ਮੇਰੇ ਪਰਮੇਸ਼ੁਰ, ਮੈਂ ਸ਼ਰਮਿੰਦਾ ਹਾਂ ਅਤੇ ਆਪਣਾ ਮੂੰਹ ਤੇਰੀ ਵੱਲ ਚੁੱਕਣ ਤੋਂ, ਮੇਰੇ ਪਰਮੇਸ਼ੁਰ, ਮੈਂ ਲੱਜਿਆਵਾਨ ਹਾਂ ਕਿਉਂ ਜੋ ਸਾਡੇ ਅਪਰਾਧ ਸਾਡੇ ਸਿਰ ਦੇ ਉੱਪਰ ਤੋਂ ਵੀ ਵੱਧ ਗਏ ਹਨ ਅਤੇ ਸਾਡੀਆਂ ਬਦਕਾਰੀਆਂ ਅਕਾਸ਼ ਤੀਕ ਪੁੱਜ ਗਈਆਂ ਹਨ! [7]ਆਪਣੇ ਪਿਓ ਦਾਦਿਆਂ ਦੇ ਦਿਨਾਂ ਤੋਂ ਅੱਜ ਦੇ ਦਿਨ ਤੀਕ ਅਸੀਂ ਵੱਡੀ ਬਦਕਾਰੀ ਵਿੱਚ ਰਹੇ ਹਾਂ ਅਤੇ ਆਪਣੇ ਅਪਰਾਧਾਂ ਦੇ ਕਾਰਣ ਅਸੀਂ ਤੇ ਸਾਡੇ ਪਾਤਸ਼ਾਹ ਤੇ ਸਾਡੇ ਜਾਜਕ ਇਨ੍ਹਾਂ ਦੇਸਾਂ ਦੇ ਪਾਤਸ਼ਾਹਾਂ ਦੇ ਹੱਥ ਵਿੱਚ ਤਲਵਾਰ ਲਈ, ਅਸੀਰੀ ਲਈ, ਲੁੱਟਣ ਲਈ ਅਤੇ ਸ਼ਰਮ ਨਾਲ ਮੂੰਹ ਦੀ ਝੁਲਸ ਲਈ ਹਵਾਲੇ ਕੀਤੇ ਗਏ ਹਾਂ ਜਿਵੇਂ ਅੱਜ ਦੇ ਦਿਨ ਹੈ [8]ਹੁਣ ਥੋੜੇ ਚਿਰ ਤੋਂ ਯਹੋਵਾਹ ਸਾਡੇ ਪਰਮੇਸ਼ੁਰ ਦਾ ਤਰਸ ਸਾਡੇ ਉੱਤੇ ਹੋਇਆ ਹੈ ਅਤੇ ਉਸ ਨੇ ਸਾਡਾ ਕੁਝ ਕੁ ਬਕੀਆ ਬਚਾ ਦਿੱਤਾ ਹੈ ਅਤੇ ਸਾਨੂੰ ਉਸ ਨੇ ਆਪਣੇ ਪਵਿੱਤ੍ਰ ਅਸਥਾਨ ਵਿੱਚ ਇੱਕ ਕਿੱਲ ਬਣਾਇਆ ਹੈ ਤਾਂ ਜੋ ਸਾਡਾ ਪਰਮੇਸ਼ੁਰ ਸਾਡੀਆਂ ਅੱਖਾਂ ਨੂੰ ਰੌਸ਼ਨ ਕਰੇ ਅਤੇ ਸਾਡੀ ਗੁਲਾਮੀ ਵਿੱਚ ਥੋੜੀ ਜਿਹੀ ਤਾਜ਼ੀ ਜ਼ਿੰਦਗੀ ਬਖਸ਼ੇ [9]ਕਿਉਂ ਜੋ ਅਸੀਂ ਤਾਂ ਗੁਲਾਮ ਹਾਂ ਪਰ ਸਾਡੇ ਪਰਮੇਸ਼ੁਰ ਨੇ ਸਾਨੂੰ ਸਾਡੀ ਗੁਲਾਮੀ ਵਿੱਚ ਨਹੀਂ ਛੱਡ ਦਿੱਤਾ ਸਗੋਂ ਫ਼ਾਰਸ ਦੇ ਪਾਤਸ਼ਾਹ ਦੇ ਅੱਗੇ ਸਾਡੀ ਵੱਲ ਆਪਣੀ ਦਯਾ ਨੂੰ ਵਧਾਇਆ ਕਿ ਸਾਨੂੰ ਤਾਜ਼ੀ ਜਿੰਦਗੀ ਬਖਸ਼ੇ ਭਈ ਅਸੀਂ ਆਪਣੇ ਪਰਮੇਸ਼ੁਰ ਦੇ ਭਵਨ ਨੂੰ ਉਸਾਰੀਏ ਅਤੇ ਉਸ ਦੇ ਵਿਰਾਨਿਆਂ ਦੀ ਮੁਰੰਮਤ ਕਰੀਏ ਕਿ ਉਹ ਸਾਨੂੰ ਯਹੂਦਾਹ ਤੇ ਯਰੂਸ਼ਲਮ ਵਿੱਚ ਓਟ ਦੇਵੇ। [10]ਹੁਣ ਹੇ ਸਾਡੇ ਪਰਮੇਸ਼ੁਰ, ਏਸ ਦੇ ਪਿੱਛੋਂ ਅਸੀਂ ਤੈਨੂੰ ਕੀ**

**ਆਖੀਏ? ਕਿਉਂ ਜੋ ਅਸੀਂ ਤੇਰੇ ਹੁਕਮਾਂ ਨੂੰ ਵਿਸਾਰ ਬੈਠੇ ਹਾਂ [11]ਜਿਨ੍ਹਾਂ ਦਾ ਤੈਂ ਇਹ ਆਖ ਕੇ ਆਪਣੇ ਦਾਸਾਂ ਨਬੀਆਂ ਦੇ ਰਾਹੀਂ ਹੁਕਮ ਦਿੱਤਾ ਸੀ ਕਿ ਉਹ ਧਰਤੀ ਜਿਹਨੂੰ ਤੁਸੀਂ ਕਬਜ਼ੇ ਵਿੱਚ ਲੈਣ ਲਈ ਜਾਂਦੇ ਹੋ ਉਹ ਦੇਸਾਂ ਦੀਆਂ ਉੱਮਤਾਂ ਦਿਆਂ ਘਿਣਾਉਣੇ ਕੰਮਾਂ ਤੋਂ ਇੱਕ ਨਾਪਾਕ ਧਰਤੀ ਹੈ ਜਿਹਨੂੰ ਉਨ੍ਹਾਂ ਨੇ ਏਸ ਸਿਰੇ ਤੋਂ ਉਸ ਸਿਰੇ ਤੀਕ ਭਰਿਸ਼ਟ ਕਰਕੇ ਭਰ ਛੱਡਿਆ ਹੈ [12]ਹੁਣ ਤੁਸੀਂ ਆਪਣੀਆਂ ਧੀਆਂ ਉਨ੍ਹਾਂ ਦੇ ਪੁੱਤ੍ਰਾਂ ਲਈ ਅਤੇ ਉਨ੍ਹਾਂ ਦੀਆਂ ਧੀਆਂ ਆਪਣੇ ਪੁੱਤ੍ਰਾਂ ਲਈ ਤੀਵੀਆਂ ਬਣਾਉਣ ਨੂੰ ਨਾ ਲਿਓ ਅਤੇ ਨਾ ਹੀ ਸਦਾ ਲਈ ਉਨ੍ਹਾਂ ਦੀ ਸਲਾਮਤੀ ਤੇ ਵਾਧਾ ਭਾਲਿਓ ਤਾਂ ਜੋ ਤੁਸੀਂ ਤਕੜੇ ਰਹੋ ਅਤੇ ਧਰਤੀ ਦੇ ਪਦਾਰਥ ਖਾਓ ਅਤੇ ਆਪਣੀ ਅੰਸ ਦੀ ਸਦੀਪਕ ਮੀਰਾਸ ਲਈ ਉਹ ਨੂੰ ਛੱਡ ਜਾਓ [13]ਅਤੇ ਇਨ੍ਹਾਂ ਆਫ਼ਤਾਂ ਦੇ ਪਿੱਛੋਂ ਜਿਹੜੀਆਂ ਸਾਡੇ ਬੁਰੇ ਕੰਮਾਂ ਤੇ ਸਾਡੇ ਵੱਡੇ ਦੋਸ਼ਾਂ ਦੇ ਕਾਰਣ ਸਾਡੇ ਉੱਤੇ ਆਈਆਂ, ਹੇ ਸਾਡੇ ਪਰਮੇਸ਼ੁਰ, ਤੈਂ ਸਾਡੇ ਪਾਪਾਂ ਨਾਲੋਂ ਸਾਨੂੰ ਥੋੜੀ ਸਜ਼ਾ ਦਿੱਤੀ ਸਗੋਂ ਇਜੇਹਾ ਛੁਟਕਾਰਾ ਸਾਨੂੰ ਦਿੱਤਾ, - [14]ਕੀ ਅਸੀਂ ਤੇਰੇ ਹੁਕਮਾਂ ਨੂੰ ਫੇਰ ਤੋੜੀਏ ਅਤੇ ਇਨ੍ਹਾਂ ਘਿਣਾਉਣੇ ਕੰਮ ਕਰਨ ਵਾਲੀਆਂ ਉੱਮਤਾਂ ਨਾਲ ਸਾਕ ਕਰੀਏ? ਕੀ ਤੇਰਾ ਕ੍ਰੋਧ ਏਥੇ ਤੀਕ ਸਾਡੇ ਉੱਤੇ ਨਾ ਭੜਕੇਗਾ ਕਿ ਸਾਡਾ ਕੱਖ ਵੀ ਨਾ ਰਹੇ, ਨਾ ਕੋਈ ਬਕੀਆ ਨਾ ਛੁਟਕਾਰਾ? [15]ਹੇ ਯਹੋਵਾਹ ਇਸਰਾਏਲ ਦੇ ਪਰਮੇਸ਼ੁਰ ਤੂੰ ਧਰਮਾਤਮਾ ਹੈਂ ਤਾਂ ਅਸੀਂ ਅੱਜ ਤੀਕ ਛੁਡਾਏ ਹੋਏ ਰਹਿੰਦੇ ਹਾਂ। ਵੇਖ, ਅਸੀਂ ਆਪਣੇ ਦੋਸ਼ਾਂ ਵਿੱਚ ਤੇਰੇ ਸਨਮੁਖ ਹਾਂ ਕਿਉਂਕਿ ਕੌਣ ਹੈ ਜੋ ਇਨ੍ਹਾਂ ਦੇ ਕਾਰਣ ਤੇਰੇ ਹਜ਼ੂਰ ਖੜਾ ਰਹਿ ਸੱਕੇ?**

ਅਜ਼ਰਾ ਨੇ ਇਹ ਨਾ ਤਾਂ ਆਪਣੇ ਸੁਣਨ ਵਾਲਿਆਂ ਨੂੰ ਧਮਕਾਉਣ ਲਈ ਅਤੇ ਨਾ ਉਨ੍ਹਾਂ ਨੂੰ ਹੋਰ ਹਦਾਇਤ ਦੇਣ ਲਈ ਆਖਿਆ ਬਲਕਿ ਉਹਦੇ ਲਈ ਇਹ ਦੁਆ ਵਿਚ ਖ਼ੁਦਾ ਨਾਲ ਗੱਲ ਕਰਨਾ ਸੀ।

**ਆਇਤ 5. ਸੰਝ ਦੀ ਬਲੀ** ਦੇ ਸਮੇਂ, ਅਜ਼ਰਾ **ਵਰਤ ਤੋਂ ਉੱਠਿਆ**। ''ਵਰਤ'' ਲਈ ਇਬਰਾਨੀ ਸ਼ਬਦ (*thaʿanith*, *ਤਾਨੀਤ*) ਪੁਰਾਣੇ ਨੇਮ ਵਿਚ ਸਿਰਫ਼ ਇੱਕੋ ਵਾਰ ਮਿਲਦਾ ਹੈ। ਇਸ ਦਾ ਕਿਰਿਆ ਸ਼ਬਦ *'anah* (*ਅਨਾਹ*) ਹੈ ਜਿਸ ਦਾ ਅਰਥ ''ਦੁਖੀ ਹੋਣਾ'' ਜਾਂ ''ਆਪਣੇ ਆਪ ਨੂੰ ਦੀਨ ਕਰਨਾ'' ਹੈ। ਇਹ ਸ਼ਬਦ ਕਈ ਵਾਰ ਰੋਜ਼ਾ ਰੱਖੇ ਜਾਣ ਲਈ ਵਰਤਿਆ ਗਿਆ ਹੈ (ਜ਼ਬੂਰ 35:13; ਯਸਾਯਾਹ 58:3, 5; ਵੇਖੋ ਲੇਵੀਆਂ 16:29, 31; 23:27, 32)। NRSV ਵਿਚ ਇੱਥੇ ''ਦੀਨ ਹੋਣ'' ਦਾ ਸ਼ਬਦ ਹੈ (– ਅਨੁਵਾਦਕ)।ਅਜ਼ਰਾ ਦੀ ਦੁਆ ਉਸ ਦਿਨ ਹੋਈ ਜਿਸ ਦਿਨ ਉਸ ਨੇ ਅੰਤਰਜਾਤੀ ਵਿਆਹਾਂ ਬਾਰੇ ਸੁਣਿਆ ਸੀ, ਇਸ ਕਰਕੇ ਇਹ ਲਗਦਾ ਨਹੀਂ ਹੈ ਕਿ ਉਸ ਨੇ ਬਹੁਤਾ ਲੰਮਾ ਰੋਜ਼ਾ ਰੱਖਿਆ ਹੋਵੇ। ਇਸ ਕਰਕੇ, ਸੰਦਰਭ ਵਿਚ ''ਦੀਨ ਹੋਣਾ'' ਸਹੀ ਮੇਲ ਖਾਂਦਾ ਲਗਦਾ ਹੈ।

ਨਾਟਕੀ ਢੰਗ ਨਾਲ ਉੱਠ ਕੇ ਅਜ਼ਰਾ **ਆਪਣੇ ਗੋਡਿਆਂ ਉੱਤੇ ਝੁੱਕਿਆ** ਅਤੇ ਅਕਾਸ਼ ਵੱਲ ਆਪਣੇ **ਹੱਥ** ਅੱਡ ਕੇ ਦੁਆ ਕਰਨ ਲਗ ਪਿਆ। ਉਹਦੇ ਇਸ ਤਰ੍ਹਾਂ ਕਰਨ ਨਾਲ ਯਹੂਦੀਆਂ ਦਾ ਧਿਆਨ ਖਿੱਚਿਆ ਗਿਆ ਹੋਵੇਗਾ ਜਿਸ ਕਰਕੇ ਉਹ ਉਸ ਦੀ ਦੁਆ ਦੇ ਸੰਦੇਸ਼ ਉੱਤੇ ਗੰਭੀਰਤਾ ਨਾਲ ਵਿਚਾਰ ਕਰਨ ਲੱਗੇ। ਅਜ਼ਰਾ ਦਾ ਦੁਆ ਕਰਨ ਦਾ ਮਕਸਦ ਯਹੂਦੀਆਂ ਦੇ ਪਾਪਾਂ ਕਰਕੇ ਉਸ ਨੂੰ ਮਹਿਸੂਸ ਹੋਣ ਵਾਲੇ ਰੱਬੀ ਸੋਗ ਨੂੰ ਮਹਿਸੂਸ ਕਰਨ ਦੀ ਪ੍ਰੇਰਣਾ ਦੇਣਾ ਸੀ। ਫਿਰ ਵੀ ਇਹਦਾ ਮਤਲਬ ਇਹ ਨਹੀਂ ਹੈ ਕਿ ਉਹਦਾ ਦੁੱਖ ਦਿਖਾਵਟੀ ਸੀ। ਯਕੀਨਨ, ਉਸ ਦਾ ਅਜਿਹਾ ਕਰਨਾ ਅਤੇ ਉਸਦਾ ਦੁੱਖ ਬਾਹਰੀ ਦਿਖਾਵਾ ਨਹੀਂ ਸੀ। ਉਹ ਮਨੋਂ ਦੁਖੀ ਸੀ।

**ਆਇਤਾਂ 6, 7.** *ਲੋਕਾਂ ਦੇ ਪਾਪ ਦਾ ਆਮ ਇਕਰਾਰ।* ਪਾਪ ਦਾ ਇਕਰਾਰ ਕਰਦਾ ਹੋਇਆ ਅਜ਼ਰਾ ਦੁਆ ਕਰੀ ਜਾ ਰਿਹਾ ਸੀ। ਉਸ ਨੇ ਉਸ ਗੱਲ ਨੂੰ ਮੰਨਿਆ ਜਿਸਦਾ ਇਸਰਾਏਲ ਦੇ ਇਤਹਾਸ ਤੋਂ ਵਾਕਫ਼ ਕਿਸੇ ਨੂੰ ਵੀ ਪਤਾ ਸੀ ਕਿ ਯਹੂਦੀ ਲੋਕ ਖ਼ੁਦਾ ਦੇ ਖ਼ਿਲਾਫ਼ ਪਾਪ ਕਰਦੇ ਰਹਿੰਦੇ ਸਨ। ਉਹ ਕੌਮ ਦਿਆਂ ਅਪਰਾਧਾਂ ਕਰਕੇ ਨਿੱਜੀ ਤੌਰ ਤੇ **ਸ਼ਰਮਿੰਦਾ** ਅਤੇ **ਲੱਜਿਆਵਾਨ** ਸੀ ਜਿਸ ਕਰਕੇ ਉਸਨੇ ਕਿਹਾ ਕਿ ਉਸ ਦੇ ਲੋਕਾਂ ਦੀਆਂ **ਬਦਕਾਰੀਆਂ ਅਕਾਸ਼ ਤੀਕ ਪੁੱਜ ਗਈਆਂ ਹਨ**। ਅਜ਼ਰਾ ਨੇ ਮੰਨਿਆ ਕਿ ਉਹ

**ਆਪਣੇ ਪਿਓ ਦਾਦਿਆਂ ਦੇ ਦਿਨਾਂ ਤੋਂ ਅੱਜ ਦੇ ਦਿਨ ਤੀਕ** ਦੋਸ਼ੀ ਸਨ। ਉਨ੍ਹਾਂ ਦਾ ਮੌਜੂਦਾ ਪਾਪ, ਪਾਪ ਕਰਨ ਦੇ ਉਨ੍ਹਾਂ ਦੇ ਇਤਹਾਸ ਨਾਲ ਮੇਲ ਖਾਂਦਾ ਸੀ। ਉਨ੍ਹਾਂ ਦੀ **ਵੱਡੀ ਬਦਕਾਰੀ** ਅਤੇ ਖ਼ਾਸ ਤੌਰ ਤੇ ਉਨ੍ਹਾਂ ਦੇ **ਪਾਤਸ਼ਾਹਾਂ** ਅਤੇ **ਜਾਜਕਾਂ** ਦੀ ਬਦਕਾਰੀ ਕਰਕੇ ਉਨ੍ਹਾਂ ਨੂੰ **ਸ਼ਰਮ** ਅਤੇ **ਝੁਲਸ** ਲਈ ਦੂਜੀਆਂ ਕੌਮਾਂ ਦੇ ਸਪੁਰਦ ਕੀਤਾ ਗਿਆ ਅਤੇ **ਅਸੀਰੀ** ਵਿਚ ਲਿਜਾਇਆ ਗਿਆ ਸੀ।

**ਆਇਤਾਂ 8, 9.** *ਖ਼ੁਦਾ ਦੀਆਂ ਬਰਕਤਾਂ ਲਈ ਉਸ ਦੀ ਸ਼ੁਕਰਗੁਜ਼ਾਰੀ।* ਅਜ਼ਰਾ ਨੇ ਆਪਣੀ ਦੁਆ ਵਿਚ ਅੱਗੇ ਯਹੋਵਾਹ ਵੱਲੋਂ ਆਪਣੇ ਲੋਕਾਂ ਲਈ ਉਨ੍ਹਾਂ ਦੇ ਪਾਪ ਦੇ ਬਾਵਜੂਦ ਹਾਲ ਹੀ ਵਿਚ ਕੀਤੇ ਗਏ ਕੰਮਾਂ ਲਈ ਉਸ ਦੀ ਤਾਰੀਫ਼ ਅਤੇ ਸ਼ੁਕਰਗੁਜ਼ਾਰੀ ਕੀਤੀ। ਰਾਲਫ਼ ਡਬਲਯੂ. ਕਲੇਨ ਨੇ ਕਿਹਾ ਹੈ ਕਿ ਅਜ਼ਰਾ ਦੀ ਦੁਆ ਦਾ ਦੂਜਾ ਹਿੱਸਾ ਜਿਸ ਦੀ ਸ਼ੁਰੂਆਤ **ਹੁਣ** ਨਾਲ ਹੁੰਦੀ ਹੈ, ''ਪਾਪ ਦੇ ਲੰਮੇ ਇਤਹਾਸ ਦੇ ਬਾਵਜੂਦ ਯਾਹਵੇਹ ਦੇ ਉਪਕਾਰਾਂ ਨੂੰ ਹੈਰਾਨੀਜਨਕ ਢੰਗ ਨਾਲ ਮੰਨਦਾ ਹੈ। ਕਿਰਪਾ ਦਾ ਹਾਲ ਦਾ ਸਮਾਂ, ਜਿਹੜਾ ਸਿਰਫ਼ ਅੱਠ ਕੁ ਸਾਲਾਂ ਦਾ ਸੀ, ਮੈਸੋਪੋਟਾਮੀਆ ਦੇ ਹਮਲੇ ਅਤੇ ਦਮਨ ਦੀਆਂ ਸਦੀਆਂ ਦੇ ਮੁਕਾਬਲੇ ਬਹੁਤ ਛੋਟਾ ਸੀ।''[6]

ਯਹੋਵਾਹ ਨੇ **ਬਕੀਏ** ਨੂੰ ਬਚਣ ਦੇ ਕੇ, ਉਸ ਬਕੀਏ ਨੂੰ ਖ਼ੁਦਾ ਦੇ **ਪਵਿੱਤਰ ਅਸਥਾਨ ਵਿਚ ਇਕ ਕਿੱਲ** ਦਿੰਦਿਆਂ ਹੋਇਆਂ **ਥੋੜ੍ਹੇ ਚਿਰ ਤੋਂ** ਉਨ੍ਹਾਂ ਉੱਤੇ **ਤਰਸ** ਵਿਖਾਇਆ ਸੀ। ਇਹ ''ਕਿੱਲ'' (*yathed*, *ਯਾਥੇਦ*) ਤੰਬੂ ਲਾਉਣ ਲਈ ਜ਼ਮੀਨ ਵਿਚ ਗੱਡਿਆ ਜਾਣ ਵਾਲਾ ਕਿੱਲਾ ਜਾਂ ਕੰਧ ਵਿਚ ਠੋਕਿਆ ਜਾਣ ਵਾਲਾ ਕਿੱਲ ਹੋ ਸਕਦਾ ਹੈ। ਵਿਚਾਰ ਇਹ ਹੈ ਕਿ ਖ਼ੁਦਾ ਨੇ ਆਪਣੀ ਹੈਕਲ ਨਾਲ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਦੇਸ਼ ਵਿਚ ਸੁਰੱਖਿਅਤ ਕੀਤਾ ਸੀ।

ਅਜ਼ਰਾ ਨੇ ਦੁਆ ਕੀਤੀ ਕਿ ਖ਼ੁਦਾ ਉਨ੍ਹਾਂ ਦੀਆਂ **ਅੱਖਾਂ ਨੂੰ ਰੌਸ਼ਨ ਕਰੇ**। ਇਸ ਬੇਨਤੀ ਦਾ ਅਨੁਵਾਦ ''ਸਾਡੀਆਂ ਅੱਖਾਂ ਚਮਕਾ ਦੇ'' ਵੀ ਹੋ ਸਕਦਾ ਸੀ (ਵੇਖੋ NRSV; NAB)। NJB ਵਿਚ ਇਹ ਆਖਦਿਆਂ ਕਿ ''ਖ਼ੁਦਾ ਸਾਡੀਆਂ ਰੂਹਾਂ ਨੂੰ ਜ਼ਿੰਦਾ ਕਰ ਸਕਦਾ ਹੈ'' ਇਸੇ ਇਜ਼ਹਾਰ ਨੂੰ ਲਿਆ ਗਿਆ ਹੈ। ਉਸ ਨੇ ਇਹ ਵੀ ਆਖਿਆ ਕਿ ਖ਼ੁਦਾ ਉਨ੍ਹਾਂ ਨੂੰ ਉਨ੍ਹਾਂ ਦੀ **ਗੁਲਾਮੀ ਵਿਚ ਥੋੜ੍ਹੀ ਜਿਹੀ ਤਾਜ਼ੀ ਜ਼ਿੰਦਗੀ ਬਖਸ਼ੇ**। ਉਹ **ਗੁਲਾਮ** ਰਹੇ ਸਨ, ਅਤੇ ਕਿਸੇ ਹੱਦ ਤਕ ਅਜੇ ਵੀ ਸਨ। ਉਹ ਫ਼ਾਰਸੀ ਪ੍ਰਧਾਨਾਂ ਦੇ ਮਤਹਿਤ ਸਨ। ਭਾਵੇਂ ਉਹ ਮਤਹਿਤ ਸਨ ਪਰ **ਪਰਮੇਸ਼ੁਰ ਨੇ** ਉਨ੍ਹਾਂ ਨੂੰ **ਨਹੀਂ ਛੱਡ ਦਿੱਤਾ** ਸੀ। ਬਲਕਿ ਆਪਣੀ **ਦਯਾ** ਕਰਕੇ ਉਸ ਨੇ ਉਨ੍ਹਾਂ ਰਾਜਿਆਂ ਨੂੰ ਯਹੂਦੀਆਂ ਨੂੰ ਆਪਣੇ **ਪਰਮੇਸ਼ੁਰ ਦੇ ਭਵਨ** ਨੂੰ ਉਸਾਰਨ ਦੀ ਇਜਾਜ਼ਤ ਦੇ ਕੇ ਉਕਸਾ ਕੇ ਉਨ੍ਹਾਂ ਦੀ **ਮੁਰੰਮਤ** ਕਰਨ ਵਿਚ ਯੋਗਦਾਨ ਦੇਣ ਲਈ **ਫ਼ਾਰਸ ਦੇ ਪਾਤਸ਼ਾਹ** ਤੋਂ ਕੰਮ ਲਿਆ ਅਤੇ ਉਹਨੂੰ ਯਹੂਦੀਆਂ ਨੂੰ **ਯਹੂਦਾਹ ਤੇ ਯਰੂਸ਼ਲਮ ਵਿੱਚ ਓਟ** ਦੇਣ ਲਈ ਉਕਸਾਇਆ।

ਸਾਫ਼ ਹੈ ਕਿ ਅਜ਼ਰਾ ਇਸ ਸਭ ਦੇ ਮੁਕਾਬਲੇ ਹਾਲ ਹੀ ਵਿਚ ਇਸਰਾਏਲ ਨੂੰ ਖ਼ੁਦਾ ਵੱਲੋਂ ਦਿੱਤੀਆਂ ਗਈਆਂ ਬਰਕਤਾਂ ਦੀ ਗੱਲ ਕਰ ਰਿਹਾ ਸੀ। ਉਹਨੇ ਫ਼ਾਰਸੀ ਰਾਜਿਆਂ ਨੂੰ ਯਹੂਦੀਆਂ ਨੂੰ ਬਾਬਲ ਤੋਂ ਆਪਣੇ ਦੇਸ਼ ਪਰਤ ਕੇ ਹੈਕਲ ਦੀ ਉਸਾਰੀ ਕਰਨ ਦੀ ਇਜਾਜ਼ਤ ਦੇਣ ਲਈ ਉਕਸਾਇਆ ਸੀ।

ਇਹ ਬਹੁਤਾ ਸਾਫ਼ ਨਹੀਂ ਹੈ ਕਿ ਯਹੂਦੀਆਂ ਨੂੰ ਉਨ੍ਹਾਂ ਵੱਲੋਂ ''ਓਟ'' ਦਿੱਤੇ ਜਾਣ ਦਾ ਕੀ ਮਤਲਬ ਹੈ। ਨਹਮਯਾਹ ਵੱਲੋਂ ਯਰੂਸ਼ਲਮ ਦੀ ਸ਼ਹਿਰਪਨਾਹ ਦਾ ਬਣਾਇਆ ਜਾਣਾ ਅਜੇ ਭਵਿੱਖ ਵਿਚ ਹੋਣਾ ਸੀ (ਭਾਵੇਂ ''ਓਟ'' ਇੱਥੇ ਇਹੀ ਦਾਅਵਾ ਕਰਨ ਲਈ ਵਰਤਿਆ ਗਿਆ ਹੈ ਕਿ ਨਹਮਯਾਹ ਅਜ਼ਰਾ ਤੋਂ ਪਹਿਲਾਂ ਯਰੂਸ਼ਲਮ ਨੂੰ ਗਿਆ)। ਹੋ ਸਕਦਾ ਹੈ ਕਿ ਆਇਤ 9 ਵਿਚ ''ਓਟ'' ਸ਼ਬਦ ਸ਼ਰਣ ਲਈ ਰੂਪਕ ਹੋਵੇ। ਖ਼ੁਦਾ ਨੇ ਫ਼ਾਰਸੀ ਰਾਜਿਆਂ ਨੂੰ ਆਪਣੇ ਲੋਕਾਂ ਦੇ ਸੁਰੱਖਿਆ ਦੀ ''ਓਟ'' ਦੇਣ ਲਈ ਇਸਤੇਮਾਲ ਕੀਤਾ। ਵਿਲੀਅਮਸਨ ਨੇ ''ਦੋ ਵਿਚਾਰ'' ਦੁਹਰਾਏ ਜਿਹੜੇ ਇਹ ਸੰਕੇਤ ਦਿੰਦੇ ਹੋਏ ਲਗਦੇ ਹਨ ਕਿ ''ਓਟ'' ਦੀ ਵਰਤੋਂ ਇੱਥੇ ਅਲੰਕਾਰ ਦੇ ਰੂਪ ਵਿਚ ਕੀਤੀ ਗਈ ਹੈ: (1) ਜੇ ਸਿਰਫ਼ ਸ਼ਹਿਰਪਨਾਹ ਦੀ ਗੱਲ ਹੋ ਰਹੀ ਹੈ ਤਾਂ ''ਯਹੂਦਾਹ ਤੇ ਯਰੂਸ਼ਲਮ ਵਿਚ'' ਵਾਕ ਅੰਸ਼ ਢੁਕਵਾਂ ਨਹੀਂ ਹੋਣਾ ਸੀ। (2) ਇਬਰਾਨੀ ਸ਼ਬਦ (*gader*, *ਗਾਦੇਰ*) ਜਿਸ ਦਾ ਅਨੁਵਾਦ ''ਓਟ'' ਹੋਇਆ ਹੈ

ਆਮ ਤੌਰ ਤੇ ਕਿਸੇ ਸ਼ਹਿਰ ਦੀ ਦੀਵਾਰ ਨੂੰ ਨਹੀਂ ਬਲਕਿ ਕਿਸੇ ਵਾਰਡ ਜਾਂ ਸੜਕ ਦੇ ਕਿਨਾਰੇ ਵਾੜੇ ਜਾਂ ਕੰਧ ਨੂੰ ਦਰਸਾਉਂਦਾ ਹੈ।[7] ਇਹਦਾ ਮਤਲਬ ਇਹ ਹੈ ਕਿ ''ਓਟ'' ਸ਼ਬਦ ਇਸ ਵਿਚਾਰ ਦਾ ਪੱਖ ਨਹੀਂ ਕਰਦਾ ਕਿ ਯਰੂਸ਼ਲਮ ਵਿਚ ਨਹਮਯਾਹ ਦਾ ਕੰਮ ਅਜ਼ਰਾ ਦੇ ਕੰਮ ਨਾਲੋਂ ਪਹਿਲਾਂ ਸੀ।

**ਆਇਤਾਂ 10-14.** *ਖ਼ਾਸ ਪਾਪ ਦਾ ਇਕਰਾਰ।* ਅਜ਼ਰਾ ਨੇ **ਪਰਮੇਸ਼ੁਰ** ਦੇ ਯਹੂਦੀਆਂ ਉੱਤੇ ਵੱਡਾ ਰਹਿਮ ਵਿਖਾਉਣ ਦੇ ਬਾਵਜੂਦ ਉਨ੍ਹਾਂ ਵੱਲੋਂ ਕੀਤੇ ਗਏ ਪਾਪ ਨੂੰ ਮੰਨਿਆ। ਉਹ ਨੂੰ ਪਤਾ ਸੀ ਕਿ ਲੋਕਾਂ ਕੋਲ ਕੋਈ ਬਹਾਨਾ ਨਹੀਂ ਹੈ। ਉਸ ਨੇ ਦੁਆ ਕੀਤੀ ਕਿ **ਏਸ ਦੇ ਪਿੱਛੋਂ ਅਸੀਂ ਤੈਨੂੰ ਕੀ ਆਖੀਏ?** ਸਾਫ਼ ਤੌਰ ਤੇ ਲੋਕ ਖ਼ੁਦਾ ਦੇ **ਹੁਕਮਾਂ ਨੂੰ ਵਿਸਾਰ ਬੈਠੇ** ਸਨ (9:10), ਕਿਉਂ ਜੋ ਉਸ ਨੇ **ਨਬੀਆਂ** ਦੇ ਰਾਹੀਂ ਉਨ੍ਹਾਂ ਨੂੰ ਚਿਤਾਰਿਆ ਸੀ ਕਿ ਉਹ **ਧਰਤੀ,** ਜਿਸ ਨੂੰ ਉਹ **ਕਬਜੇ ਵਿਚ ਲੈਣ** ਵਾਲੇ ਸਨ **ਨਾਪਾਕ ਧਰਤੀ** ਸੀ (9:11)। ਇਸੇ ਕਰਕੇ ਉਹਨੇ ਉਨ੍ਹਾਂ ਨੂੰ ਵਰਜਿਆ ਸੀ ਕਿ **ਆਪਣੀਆਂ ਧੀਆਂ ਉਨ੍ਹਾਂ ਦੇ ਪੁੱਤ੍ਰਾਂ ਲਈ** ਅਤੇ **ਉਨ੍ਹਾਂ ਦੀਆਂ ਧੀਆਂ** ਨਾ ਲਿਓ (9:12)। ਖ਼ੁਦਾ ਨੇ ਕਨਾਨ ਦੇ ਲੋਕਾਂ ਨਾਲ ਆਪੋ ਵਿਚ ਵਿਆਹ ਨਾ ਕਰਨ ਦਾ ਸਿੱਧਾ ਹੁਕਮ ਦਿੱਤਾ ਸੀ। ਉਨ੍ਹਾਂ ਨੇ ਕਨਾਨ ਦੇ ਲੋਕਾਂ ਦੀ **ਸਲਾਮਤੀ ਤੇ ਵਾਧਾ** ਚਾਹੁਣ ਤੋਂ ਪਰਹੇਜ਼ ਕਰਨਾ ਸੀ, ਤਾਂ ਜੋ ਉਹ **ਧਰਤੀ** ਦੇ ਫ਼ਾਇਦੇ ਲੈ ਸਕਦੇ ਅਤੇ ਆਪਣੀ ਸੰਤਾਨ ਲਈ ਉਸ ਦੀ **ਮਿਰਾਸ ਛੱਡ** ਸਕਦੇ।

ਅਜ਼ਰਾ ਸਚਮੁਚ ਪੰਚਗ੍ਰੰਥ (ਤੁਰੇਤ) ਵਿਚ ਮਿਲਣ ਵਾਲੇ ਨਿਯਮਾਂ ਦੀ ਗੱਲ ਕਰ ਰਿਹਾ ਸੀ ਪਰ ਇਹ ਹਵਾਲਾ ਕਈ ਹਵਾਲਿਆਂ ਨੂੰ ਜੋੜ ਦਿੰਦਾ ਹੈ (ਵੇਖੋ ਬਿਵਸਥਾ ਸਾਰ 7:1; 11:8; 23:6; 2 ਰਾਜਿਆਂ 21:16; ਯਸਾਯਾਹ1:19; ਹਿਜ਼ਕੀਏਲ 37:25)। ਉਸ ਨੇ ਸਾਫ਼ ਤੌਰ ਤੇ ਬਿਵਸਥਾ ਸਾਰ ਦੀ ਗੱਲ ਕੀਤੀ ਜਿਸ ਵਿਚ ਯਹੂਦੀਆਂ ਨੂੰ ਕਨਾਨ ਦੇ ਲੋਕਾਂ ਨਾਲ ਵਿਆਹ ਕਰਨ ਤੋਂ ਵਰਜਿਆ ਸੀ ਅਤੇ ਉਨ੍ਹਾਂ ਨੂੰ ਅਜਿਹਾ ਕਰਨ ਦੇ ਨਤੀਜਿਆਂ ਦੀ ਚਿਤਾਵਨੀ ਦਿੱਤੀ ਗਈ (ਬਿਵਸਥਾ ਸਾਰ 7:3, 4)। ਅਜ਼ਰਾ ਦੀ ਨਜ਼ਰ ਵਿਚ ਉਹ ਨਿਯਮ ਜਿਹੜੇ ਸਦੀਆਂ ਪਹਿਲਾਂ ਦਿੱਤੇ ਗਏ ਸਨ, ਅੱਜ ਵੀ ਲਾਗੂ ਸਨ। ਉਨ੍ਹਾਂ ਨੂੰ ''ਨਬੀਆਂ'' ਵੱਲੋਂ ਦਿੱਤੇ ਗਏ ਕਿਹਾ ਗਿਆ ਹੈ, ਸ਼ਾਇਦ ਇਸ ਕਰਕੇ ਕਿ ਮੂਸਾ ਨੂੰ ਨਬੀ ਮੰਨਿਆ ਜਾਂਦਾ ਸੀ (ਬਿਵਸਥਾ ਸਾਰ 18:15) ਅਤੇ ਉਸ ਤੋਂ ਬਾਅਦ ਦੇ ਨਬੀ ਮੂਸਾ ਦੇ ਹੁਕਮਾਂ ਉੱਤੇ ਹੀ ਜ਼ੋਰ ਦਿੰਦੇ ਸਨ। ਨਬੀਆਂ ਦੀ ਗੱਲ ਨੂੰ ਖ਼ੁਦਾ ਦੀ ਗੱਲ ਮੰਨਿਆ ਜਾਂਦਾ ਸੀ।

ਉਨ੍ਹਾਂ ਨੇ ਖ਼ੁਦਾ ਦੀ ਦਯਾ, ਉਸ ਦੇ ਸਪੱਸ਼ਟ ਨਿਰਦੇਸ਼ਾਂ ਅਤੇ ਇਸ ਤੱਥ ਦੇ ਬਾਵਜੂਦ ਹੁਕਮ ਤੋੜਿਆ ਕਿ ਉਸ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਪਿਛਲੇ ਪਾਪਾਂ ਦੀ ਸਜ਼ਾ ਦਿੱਤੀ ਸੀ। ਅਸੀਰੀ ਦੀ ਗੱਲ ਕਰਦਿਆਂ ਅਜ਼ਰਾ ਨੇ ਮੰਨਿਆ ਕਿ ਯਹੂਦਾ ਦੀ ਸਜ਼ਾ ਉਨ੍ਹਾਂ ਦੇ **ਬੁਰੇ ਕੰਮਾਂ** ਦੇ ਮੁਕਾਬਲੇ ਘੱਟ ਸੀ (9:13)। ਪਹਿਲਾਂ ਹੀ ਅਸੀਰੀ ਵਿੱਚੋਂ ਜਾ ਚੁੱਕੇ ਲੋਕਾਂ ਨੇ **ਘਿਣਾਉਣੇ ਕੰਮ ਕਰਨ ਵਾਲੀਆਂ ਉੱਮਤਾਂ ਨਾਲ ਸਾਕ** ਕਰਕੇ ਖ਼ੁਦਾ ਦੇ ਨਿਯਮਾਂ ਨੂੰ ਤੋੜਿਆ ਸੀ (9:14)।

ਅਜ਼ਰਾ ਨੇ ਭਾਵੇਂ ਇਸ ਤੱਥ ਨੂੰ ਸਵਾਲੀਏ ਵਿਚ ਰੱਖਿਆ (**ਕੀ ਅਸੀਂ ਤੇਰੇ ਹੁਕਮਾਂ ਨੂੰ ਫੇਰ ਤੋੜੀਏ . . . ?**), ਪਰ ਇਸ ਉੱਤੇ ਕੋਈ ਸਵਾਲ ਨਹੀਂ ਹੈ ਕਿ ਇਹ ਹਕੀਕਤ ਸੀ। ਜੋ ਕੁਝ ਉਸ ਨੇ ਅੱਗੇ ਪੁੱਛਿਆ ਉਹ ਵੀ ਅਲੰਕਾਰਕ ਹੈ, ਕਿਉਂ ਜੋ ਇਹ ਇਕ ਪੱਕੀ ਸਚਿਆਈ ਦਾ ਸੁਝਾਅ ਦਿੰਦਾ ਹੈ। **ਕੀ ਤੇਰਾ ਕ੍ਰੋਧ ਏਥੇ ਤੀਕ ਸਾਡੇ ਉੱਤੇ ਨਾ ਭੜਕੇਗਾ ਕਿ ਸਾਡਾ ਕੱਖ ਵੀ ਨਾ ਰਹੇ, . . . ?** ਦਾ ਮਤਲਬ ਇਹ ਹੈ ਕਿ ਯਹੂਦੀਆਂ ਦੇ ਮੂਰਤੀਆਂ ਦੀ ਪੂਜਾ ਕਰਨ ਵਾਲਿਆਂ ਨਾਲ ਆਪੋ ਵਿਚ ਵਿਆਹ ਦੇ ਨਤੀਜੇ ਵਜੋਂ ਖ਼ੁਦਾ ਉਨ੍ਹਾਂ ਨਾਲ ਐਨਾ ਨਾਰਾਜ਼ ਹੋ ਸਕਦਾ ਸੀ ਕਿ ਉਹ ਲੋਕਾਂ ਨੂੰ ਐਨਾ ਬਰਬਾਦ ਕਰ ਦਵੇ ਕਿ **ਨਾ ਕੋਈ ਬਕੀਆ** ਰਹੇ **ਨਾ ਛੁਟਕਾਰਾ** (9:14)।

ਦੂਜੇ ਸ਼ਬਦਾਂ ਵਿਚ ਅਜ਼ਰਾ ਨੇ ਮੰਨਿਆ ਕਿ ਯਹੂਦੀਆਂ ਨੇ ਉਸ ਸਭ ਦੇ ਬਾਵਜੂਦ ਜੋ ਖ਼ੁਦਾ ਨੇ ਉਨ੍ਹਾਂ ਲਈ ਕੀਤਾ ਸੀ, ਖ਼ੁਦਾ ਦੇ ਹੁਕਮਾਂ ਨੂੰ ਤੋੜ ਕੇ ਅਤੇ ਦੇਸ਼ ਦੇ ਲੋਕਾਂ ਨਾਲ ਵਿਆਹ ਕਰਕੇ ਪਾਪ ਕੀਤਾ। ਉਹ ਨਾਸ ਕੀਤੇ ਜਾਣ ਦੇ ਯੋਗ ਸਨ! ਮਾਰਕ ਏ. ਥ੍ਰੌਂਟਵੇਟ ਨੇ ਕਿਹਾ ਹੈ ਕਿ ਅਜ਼ਰਾ ਨੇ ''ਬਰਾਦਰੀ

ਦੇ ਖ਼ੁਦਾ ਦੇ ਹੁਕਮਾਂ ਦਾ ਮਜ਼ਾਕ ਕਰਦੇ ਰਹਿਣ ਤੇ ਖ਼ਤਰਨਾਕ ਨਤੀਜਿਆਂ ਵੱਲ ਧਿਆਨ ਦੁਆਉਣ ਲਈ ਦੋ ਅਲੰਕਾਰਿਕ ਸਵਾਲਾਂ ਨਾਲ ਬਰਾਦਰੀ ਦਾ ਸਾਹਮਣਾ ਕੀਤਾ।''[8]

**ਆਇਤ 15.** *ਉਸ ਵੱਲੋਂ ਖ਼ੁਦਾ ਦੀ ਧਾਰਮਿਕਤਾ ਨੂੰ ਮੰਨਿਆ ਜਾਣਾ।* ਅਜ਼ਰਾ ਨੇ ਖ਼ੁਦਾ ਦੀ ਧਾਰਮਿਕਤਾ ਅਤੇ ਯਹੂਦਾਹ ਦੇ ਨਿਕੰਮੇਪਣ ਦੀ ਤਸਦੀਕ ਕਰਦਿਆਂ ਆਪਣੀ ਦੁਆ ਖ਼ਤਮ ਕੀਤੀ। ਉਸ ਨੇ **ਯਹੋਵਾਹ ਇਸਰਾਏਲ ਦੇ ਪਰਮੇਸ਼ੁਰ** ਨੂੰ ਮੰਨਿਆ ਕਿ ਉਹ **ਧਰਮਾਤਮਾ** ਹੈ, ਮਤਲਬ ਆਪਣੇ ਲੋਕਾਂ ਦੇ ਮੁਕਾਬਲੇ, ਜਿਹੜੇ ਦੋਸ਼ੀ ਸਨ ਅਤੇ ਇਸ ਕਰਕੇ ਉਹ ਆਪਣੇ ਪਾਪ ਵਿਚ ਯਹੋਵਾਹ ਦੇ **ਹਜ਼ੂਰ ਖੜਾ** ਨਹੀਂ ਹੋ ਸਕਦੇ ਸਨ, ਪਵਿੱਤਰ ਅਤੇ ਧਰਮੀ ਹੈ। ਅਜ਼ਰਾ ਨੇ ਮੰਨਿਆ ਕਿ ਉਹ ਅਤੇ ਉਸ ਦੇ ਲੋਕ ਮਾਫ਼ ਕੀਤੇ ਜਾਣ ਦੇ ਯੋਗ ਨਹੀਂ ਸਨ। ਲੋਕਾਂ ਦੀ ਤਰਫ਼ੋਂ ਅਜ਼ਰਾ ਧਰਮੀ ਖ਼ੁਦਾ ਦੇ ਰਹਿਮ ਦੀ ਹੀ ਉਮੀਦ ਕਰ ਸਕਦਾ ਸੀ।

ਇਸ ਦੁਆ ਦੀ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਅਜ਼ਰਾ ਨੇ ਅਸਲ ਵਿਚ ਮਾਫ਼ੀ ਨਹੀਂ ਮੰਗੀ। ਦੁਆ ਰਹਿਮ ਲਈ ਬੇਨਤੀ ਹੁੰਦੀ ਹੈ, ਪਰ ਇਹਨੂੰ ਉਨ੍ਹਾਂ ਵੱਲੋਂ ਕੀਤੀ ਗਈ ਗਲਤੀ ਨੂੰ ਸੁਧਾਰਣ ਦੇ ਪਹਿਲੇ ਕਦਮ ਦੇ ਰੂਪ ਵਿਚ ਬਹੁਤਾ ਵੇਖਿਆ ਜਾਣਾ ਚਾਹੀਦਾ ਹੈ। ਲੋਕਾਂ ਲਈ ਕੁਝ ਵੀ ਕੀਤੇ ਜਾਣ ਤੋਂ ਪਹਿਲਾਂ ਖ਼ੁਦਾ ਨੂੰ ਇਹ ਵਿਖਾਉਣਾ ਜ਼ਰੂਰੀ ਸੀ ਕਿ ਉਨ੍ਹਾਂ ਨੂੰ ਆਪਣੀ ਗਲਤੀ ਦਾ ਪਤਾ ਹੈ। ਇਕਰਾਰ ਦੀ ਅਜ਼ਰਾ ਦੀ ਦੁਆ ਨੇ ਐਨਾ ਸਾਫ਼ ਕਰ ਦਿੱਤਾ ਸੀ। ਅਧਿਆਇ 10 ਦੱਸਦਾ ਹੈ ਕਿ ਉਨ੍ਹਾਂ ਨੇ ਆਪਣੇ ਪਾਪ ਤੋਂ ਤੋਬਾ ਕਰਨ ਦੇ ਸਹੀ ਕਦਮ ਚੁੱਕਣਾ ਕਿਵੇਂ ਸ਼ੁਰੂ ਕੀਤਾ।

## ਪ੍ਰਾਸੰਗਿਕਤਾ

**ਵਿਸ਼ਵਾਸ ਦੇ ਅੰਦਰ-ਅੰਦਰ ਵਿਆਹ ਕਰਨਾ** (ਅਧਿਆਇ 9; 10)

ਅਜ਼ਰਾ 9 ਅਤੇ 10 ਵਿਚ ਅਸੀਂ ਅਜ਼ਰਾ ਨੂੰ ਕੰਮ ਕਰਦੇ ਹੋਏ ਵੇਖਦੇ ਹਾਂ। ਉਸਦਾ ਕੰਮ ਲੋਕਾਂ ਨੂੰ ਖ਼ੁਦਾ ਦੀ ਸ਼ਰ੍ਹਾ ਨੂੰ ਸਿਖਾਉਣਾ (ਜਿਹੜੀ ਮੂਸਾ ਦੀ ਸ਼ਰ੍ਹਾ ਵਿਚ ਮਿਲਦੀ ਹੈ) ਅਤੇ ਉਸ ਨੂੰ ਲਾਗੂ ਕਰਵਾਉਣਾ ਸੀ (7:10, 25, 26)। ਇਨ੍ਹਾਂ ਦੋ ਅਧਿਆਇਆਂ ਵਿਚ ਅਸੀਂ ਉਸ ਨੂੰ ਇਸ ਨੂੰ ਲਾਗੂ ਕਰਵਾਉਂਦਿਆਂ ਵੇਖਦੇ ਹਾਂ। ਅਧਿਆਇ 9 ਦੇ ਸ਼ੁਰੂ ਵਿਚ ਸਮੇਂ ਦਾ ਕੋਈ ਸੰਕੇਤਕ ਨਹੀਂ ਦਿੱਤਾ ਗਿਆ, ਸਿਵਾਇ ''ਜਦ ਏਹ ਸਭ ਕੁਝ ਹੋ ਚੁੱਕਿਆ'' ਵਾਕ ਅੰਸ਼ ਦੇ (9:1)। ਅਜ਼ਰਾ 10:9 ਜ਼ਰੂਰ ਸੰਕੇਤ ਦਿੰਦਾ ਹੈ ਕਿ ਯਹੂਦਾ ਅਤੇ ਬਿਨਿਆਮੀਨ ਦੇ ਸਭ ਲੋਕ ਨੌਂਵੇਂ ਮਹੀਨੇ ਦੀ ਸਤਵੀਂ ਤਰੀਕ ਨੂੰ ਆਪਣੇ ਪਾਪ ਸਬੰਧੀ ਅਜ਼ਰਾ ਦੇ ਐਲਾਨ ਨੂੰ ਸੁਣਨ ਲਈ ਇਕੱਠੇ ਹੋਏ। ਇਹ ਅਜ਼ਰਾ ਦੇ ਪਹੁੰਚਣ ਤੋਂ $4\frac{1}{2}$ ਮਹੀਨੇ ਬਾਅਦ ਦੀ ਗੱਲ ਹੈ।

*ਉਨ੍ਹਾਂ ਦਾ ਪਾਪ ਕੀ ਸੀ?* ਖ਼ੁਦਾ ਦੇ ਲੋਕਾਂ ਨੇ ਦੇਸ਼ ਦੇ ਲੋਕਾਂ ਵਿੱਚੋਂ ਆਪਣੇ ਲਈ ਪਤਨੀਆਂ ਲੈ ਲਈਆਂ ਸਨ (9:1, 2)।

ਜਦ ਅਜ਼ਰਾ ਨੇ ਇਹ ਸੁਣਿਆ ਤਾਂ ਉਹ ਪਰੇਸ਼ਾਨ ਹੋ ਗਿਆ ਅਤੇ ਉਸ ਨੇ ਆਪਣੇ ਕੱਪੜੇ ਪਾੜ ਕੇ ਅਤੇ ਆਪਣੇ ਸਿਰ ਅਤੇ ਦਾੜ੍ਹੀ ਦੇ ਵਾਲ ਪੁੱਟ ਕੇ ਆਪਣੀ ਬੇਇੱਜ਼ਤੀ ਅਤੇ ਸ਼ਰਮਿੰਦਗੀ ਨੂੰ ਵਿਖਾਇਆ। ਉਹ ''ਸੰਝ ਦੀ ਬਲੀ ਦੇ ਚੜ੍ਹਾਉਣ ਤੀਕ ਨਿਮੂਝਾਣਾ ਬੈਠਾ ਰਿਹਾ'' ਅਤੇ ਇਸ ਤੋਂ ਬਾਅਦ ਉਸ ਨੇ ਦੁਆ ਕੀਤੀ ਜਿਸ ਵਿਚ ਉਸ ਨੇ ਇਸਰਾਏਲੀਆਂ ਦੇ ਪਾਪ ਨੂੰ ਮੰਨਿਆ (9:3–15)। ਉਹ ਐਨਾ ਫ਼ਿਕਰਮੰਦ ਕਿਉਂ ਸੀ? ਉਨ੍ਹਾਂ ਦਾ ਪਾਪ ਕੀ ਸੀ? ਸ਼ਰ੍ਹਾ ਵੱਲੋਂ ਵਿਦੇਸ਼ੀਆਂ ਨਾਲ ਆਪੋ ਵਿਚ ਵਿਆਹ ਕਰਨ ਦੀ ਮਨਾਹੀ ਕੀਤੀ ਗਈ ਸੀ (ਕੂਚ 34:11–17; ਬਿਵਸਥਾ ਸਾਰ 7:1–6)। ਖ਼ੁਦਾ ਦੇ ਲੋਕਾਂ ਨੇ ਸ਼ਰ੍ਹਾ ਨੂੰ ਤੋੜਿਆ ਸੀ!

ਖ਼ੁਦਾ ਨੇ ਰਲੇ ਮਿਲੇ ਵਿਆਹ ਕਰਨ ਦੀ ਮਨਾਹੀ ਕਿਉਂ ਕੀਤੀ ਸੀ? ਅਜ਼ਰਾ (ਅਤੇ ਬਾਅਦ ਵਿਚ

ਨਹਮਯਾਹ 13:23–29 ਵਿਚ ਨਹਮਯਾਹ ਨੂੰ) ਨੂੰ ਇਸ ਦੀ ਐਨੀ ਫ਼ਿਕਰ ਕਿਉਂ ਸੀ? ਇਸ ਦਾ ਕਾਰਣ ਆਪੋ ਵਿਚ ਵਿਆਹ ਕਰਨ ਦੇ ਹਵਾਲਿਆਂ ਵਿਚ ਦਿੱਤਾ ਗਿਆ ਹੈ ਕਿ ਉਸ ਨਾਲ ਵਿਆਹ ਕਰਨਾ ਜਿਹੜਾ ਇਸਰਾਏਲੀ ਨਾ ਹੋਵੇ ਕਿਸੇ ਬੁੱਤਪ੍ਰਸਤੀ ਕਰਨ ਵਾਲੇ ਨਾਲ ਨੇਮ ਬੰਨ੍ਹਣਾ ਸੀ ਅਤੇ ਇਸ ਤਰ੍ਹਾਂ ਉਸ ਨੇ ਬੁੱਤਪ੍ਰਸਤੀ ਵਿਚ ਪੈਣ ਦੇ ਖ਼ਤਰੇ ਵਿਚ ਹੋਣਾ ਸੀ। ਬਿਵਸਥਾ ਸਾਰ 7:3, 4 ਕਹਿੰਦਾ ਹੈ:

> ਨਾ ਓਨ੍ਹਾਂ ਨਾਲ ਵਿਆਹ ਕਰੋ, ਨਾ ਕੋਈ ਉਸ ਦੇ ਪੁੱਤ੍ਰ ਨੂੰ ਧੀ ਦੇਵੇ, ਨਾ ਕੋਈ ਆਪਣੇ ਪੁੱਤ੍ਰ ਲਈ ਉਸਦੀ ਧੀ ਲਵੇ ਕਿਉਂ ਜੋ ਓਹ ਤੁਹਾਡੇ ਪੁੱਤ੍ਰਾਂ ਨੂੰ ਮੇਰੇ ਪਿੱਛੇ ਚੱਲਣ ਤੋਂ ਹਟਾ ਦੇਣਗੀਆਂ ਤਾਂ ਜੋ ਓਹ ਹੋਰਨਾਂ ਦੇਵਤਿਆਂ ਦੀ ਪੂਜਾ ਕਰਨ ਅਤੇ ਯਹੋਵਾਹ ਦਾ ਕ੍ਰੋਧ ਤੁਹਾਡੇ ਉੱਤੇ ਭੜਕੇ ਅਤੇ ਉਹ ਤੁਹਾਨੂੰ ਝੱਟ ਪੱਟ ਨਾਸ ਕਰ ਦੇਵੇ।

ਬਿਲਕੁਲ ਇਹੀ ਮੁਸ਼ਕਿਲ ਇਸਰਾਏਲ ਦੇ ਇਤਹਾਸ ਵਿਚ ਪਹਿਲਾਂ ਆਈ ਸੀ। ਇਸਰਾਏਲੀਆਂ ਵੱਲੋਂ ਇਸ ਸਬੰਧੀ ਸ਼ਰ੍ਹਾ ਦੀ ਗੱਲ ਨੂੰ ਨਾ ਮੰਨਣਾ ਖ਼ੁਦਾ ਦੇ ਲੋਕਾਂ ਲਈ ਪਹਿਲਾਂ ਤਬਾਹਕੁੰਨ ਸਾਬਿਤ ਹੋ ਚੁੱਕਿਆ ਸੀ।[9]

ਅਜ਼ਰਾ ਦੀ ਪਰੇਸ਼ਾਨੀ ਦਾ ਅਧਾਰ ਖ਼ੁਦਾ ਦੇ ਵਚਨ ਲਈ ਉਸ ਦੇ ਜ਼ਨੂਨ ਅਤੇ ਖ਼ੁਦਾ ਦੇ ਲੋਕਾਂ ਲਈ ਉਹਦਾ ਪਿਆਰ ਸੀ। ਯਹੂਦੀ ਲੋਕ ਸੱਤਰ ਸਾਲਾਂ ਦੀ ਅਸੀਰੀ ਤੋਂ ਵਾਪਸ ਆਏ ਸਨ, ਜੋ ਕਿ ਘੱਟੋ–ਘੱਟ ਕਿਸੇ ਹੱਦ ਤਕ ਉਨ੍ਹਾਂ ਨੂੰ ਇਸ ਕਰਕੇ ਮਿਲੀ ਸਜ਼ਾ ਸੀ ਕਿ ਲੋਕਾਂ ਨੇ ਦੇਸ਼ ਦੇ ਲੋਕਾਂ ਨਾਲ ਆਪੋ ਵਿਚ ਵਿਆਹ ਕਰ ਲਏ ਸਨ ਅਤੇ ਬੁੱਤਪ੍ਰਸਤ ਬਣ ਗਏ ਸਨ। ਹੁਣ ਖ਼ੁਦਾ ਦੇ ਫ਼ਜ਼ਲ ਨਾਲ ਇਕ ਬਕੀਏ ਨੂੰ ਵਾਅਦੇ ਦੀ ਧਰਤੀ ਵਿਚ ਵਾਪਸ ਲਿਆਂਦਾ ਗਿਆ ਸੀ। ਉਹ ਕੀ ਕਰ ਰਹੇ ਸਨ? ਉਹ ਵੀ ਉਹੀ ਪਾਪ ਕਰ ਰਹੇ ਸਨ ਜਿਸ ਕਰਕੇ ਇਕ ਸੌ ਤੋਂ ਵੱਧ ਸਾਲ ਪਹਿਲਾਂ ਖ਼ੁਦਾ ਨੂੰ ਉਨ੍ਹਾਂ ਨੂੰ ਨਾਸ ਕਰਨਾ ਪਿਆ ਸੀ! ਅਜ਼ਰਾ ਲੋਕਾਂ ਨੂੰ ਪਿਆਰ ਕਰਦਾ ਸੀ ਅਤੇ ਉਹ ਇਹ ਯਕੀਨੀ ਬਣਾਉਣਾ ਚਾਹੁੰਦਾ ਸੀ ਕਿ ਉਹ ਸ਼ਰ੍ਹਾ ਨੂੰ ਮੰਨਣ ਤਾਂ ਜੋ ਕਿਤੇ ਇਤਹਾਸ ਫੇਰ ਤੋਂ ਨਾ ਦੁਹਰਾਇਆ ਜਾਵੇ। ਉਸ ਨੇ ਪਾਪ ਨੂੰ ਜੜ੍ਹੋਂ ਪੁੱਟਣ ਲਈ ਸਖ਼ਤ ਕਦਮ ਪੁੱਟੇ ਤਾਂ ਜੋ ਇਹ ਹੋਰ ਅੱਗੇ ਨਾ ਫੈਲੇ। (ਬਾਅਦ ਵਿਚ ਨਹਮਯਾਹ ਨੇ ਵੀ ਇਸੇ ਤਰ੍ਹਾਂ ਕੀਤਾ।)

ਇਸਰਾਏਲ ਵਿਚ ਖ਼ੁਦਾ ਵੱਲੋਂ ਰਲੇ–ਮਿਲੇ ਵਿਆਹਾਂ ਦਾ ਵਿਰੋਧ ਇਕ ਧਾਰਮਿਕ ਮਸਲਾ ਸੀ। ਉਸ ਦਾ ਮੁੱਖ ਧਿਆਨ ਇਸਰਾਏਲੀ ਲਹੂ–ਰੇਖਾ ਨੂੰ ਸ਼ੁੱਧ ਰਖਣਾ ਨਹੀਂ ਸੀ ਕਿਉਂ ਜੋ ਉਹ ਲਹੂ–ਰੇਖਾ ਕਦੇ ''ਸ਼ੁੱਧ'' ਨਹੀਂ ਸੀ। ਗੈਰ–ਇਸਰਾਏਲੀਆਂ ਲਈ ਯਹੂਦੀਆਂ ਨਾਲ ਮਿਲ ਜਾਣਾ ਸ਼ੁਰੂ ਤੋਂ ਸੰਭਵ ਸੀ।[10] ਉਦਾਹਰਣ ਲਈ, ਯਿਸੂ ਦੀ ਕੁਲਪੱਤਰੀ ਵਿਚ ਤਾਮਾਰ, ਰਹਾਬ ਅਤੇ ਰੂਥ ਨਾਮਕ ਤਿੰਨ ਗੈਰ–ਇਸਰਾਏਲੀ ਔਰਤਾਂ ਹਨ (ਮੱਤੀ 1:3, 5)।

ਅਜ਼ਰਾ ਦੇ ਸਮੇਂ ਵਿਚ ਵੀ ਗੈਰਕੌਮ ਲੋਕ ਯਹੂਦੀ ਬਣ ਸਕਦੇ ਸਨ। ਇਸ ਕਰਕੇ ਵਾਪਸ ਆਉਣ ਵਾਲਿਆਂ ਵਿਚ ਜਿਹੜੀ ਗੱਲ ਹੋਈ ਉਹ ਇਹ ਹੋਵੇਗੀ ਕਿ ਯਹੂਦੀਆਂ ਨੇ ਗੈਰਕੌਮਾਂ ਨਾਲ ਵਿਆਹ ਕਰ ਲਏ ਸਨ, ਪਰ ਗੈਰਕੌਮਾਂ (ਖ਼ਾਸ ਕਰਕੇ ਗੈਰਕੌਮ ਔਰਤਾਂ) ਨੇ ਯਹੂਦੀ ਮੁਰੀਦ ਬਣਨ ਅਤੇ ਇੱਕੋ ਸੱਚੇ ਖ਼ੁਦਾ ਦੀ ਬੰਦਗੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਹ ਕਾਫ਼ਿਰ ਬੁੱਤਪ੍ਰਸਤ ਹੀ ਰਹੀਆਂ ਸਨ ਅਤੇ ਇਸ ਕਰਕੇ ਯਹੂਦੀ ਬਰਾਦਰੀ ਲਈ ਇਕ ਖ਼ਤਰਾ ਸਨ। ਇਹ ਮੁਮਕਿਨ ਸੀ ਕਿ ਉਹ ਆਪਣੇ ਪਤੀਆਂ ਨੂੰ ਯਹੋਵਾਹ ਖ਼ੁਦਾ ਵੱਲੋਂ ਫੇਰ ਦੇਣ। ਇਸਰਾਏਲੀ ਵਿਸ਼ਵਾਸ ਲਈ ਇਸਦਾ ਨਤੀਜਾ ਖ਼ਤਰਨਾਕ ਹੋਣਾ ਸੀ। ਇਸ ਕਰਕੇ ਅਜ਼ਰਾ ਅਤੇ ਨਹਮਯਾਹ ਨੂੰ ਖ਼ੁਦਾ ਦੇ ਲੋਕਾਂ ਦੀ ਲਹੂ–ਰੇਖਾ (ਨਕਲੀ ਸ਼ੁੱਧਤਾ) ਦੀ ਨਹੀਂ ਬਲਕਿ ਆਪਣੇ ਵਿਸ਼ਵਾਸ ਦੀ ਫ਼ਿਕਰ ਸੀ।

ਮੁਸ਼ਕਿਲ ਇਸ ਨਾਲੋਂ ਵੀ ਵੱਡੀ ਸੀ ਕਿਉਂ ਜੋ ਇਨ੍ਹਾਂ ਓਪਰੀਆਂ (ਵਿਦੇਸ਼ੀ) ਔਰਤਾਂ ਨਾਲ ਵਿਆਹ ਕਰਨ ਦੇ ਮੁੱਖ ਕਸੂਰਵਾਰ ਯਹੂਦੀ ਆਗੂ ਹੀ ਸਨ।[11] ਸਾਨੂੰ ਬਾਕੀ ਦੀ ਮੰਡਲੀ ਤੋਂ ਆਗੂ ਦੇ ਮਗਰ

ਲੱਗਣ ਦੀ ਹੀ ਉਮੀਦ ਹੋਵੇਗੀ। ਇਸ ਕਰਕੇ ਯਹੂਦਾ ਵਿਚ ਇਕ ਮੁਸ਼ਕਿਲ ਸੀ ਜਿਸ ਨੂੰ ਫੌਰੀ ਤੌਰ ਤੇ ਦੂਰ ਕੀਤਾ ਜਾਣਾ ਜ਼ਰੂਰੀ ਸੀ।

*ਇਸਦਾ ਇਲਾਜ ਕੀ ਸੀ?* ਮੁਸ਼ਕਿਲ ਦਾ ਹੱਲ ਯਹੂਦੀਆਂ ਦੇ ਆਗੂਆਂ ਵੱਲੋਂ ਸੁਝਾਇਆ ਗਿਆ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਜਿਨ੍ਹਾਂ ਜਿਨ੍ਹਾਂ ਨੇ ਬੇਵਿਸ਼ਵਾਸਿਆਂ ਨਾਲ ਵਿਆਹ ਕੀਤਾ ਹੈ ਉਹ ਆਪੋ ਆਪਣੀਆਂ ਬੇਵਿਸ਼ਵਾਸੀ ਪਤਨੀਆਂ ਅਤੇ ਉਨ੍ਹਾਂ ਪਤਨੀਆਂ ਦੇ ਬੱਚਿਆਂ ਸਣੇ, ਉਨ੍ਹਾਂ ਨੂੰ ਛੱਡ ਦੇਣ (10:2, 3)। ਅਗਲੇ ਕੁਝ ਮਹੀਨਿਆਂ ਦੌਰਾਨ ਇਹ ਹੋ ਗਿਆ। ਅਧਿਆਇ 10 ਵਿਚ ਉਨ੍ਹਾਂ ਦੇ ਨਾਂਅ ਹਨ ਜਿਨ੍ਹਾਂ ਨੇ ਵਿਦੇਸ਼ੀ ਪਤਨੀਆਂ ਨਾਲ ਵਿਆਹ ਕੀਤੇ ਸਨ ਅਤੇ ਉਨ੍ਹਾਂ ਨੂੰ ਛੱਡ ਦਿੱਤਾ ਸੀ (10:18–44)।

ਇਹ ਲਿਆ ਜਾਣ ਵਾਲਾ ਸਖ਼ਤ ਕਦਮ ਲਗਦਾ ਹੈ। ਸਾਨੂੰ ਲਗ ਸਕਦਾ ਹੈ, ''ਉਹ ਵਿਚਾਰੀਆਂ ਪਤਨੀਆਂ! ਉਹ ਕਿਵੇਂ ਰਹੀਆਂ ਹੋਣਗੀਆਂ?'' ਖ਼ਾਸ ਤੌਰ ਤੇ ਬੱਚਿਆਂ ਨੂੰ ਭਜਾ ਦੇਣ ਦੀ ਗੱਲ ਬਹੁਤ ਪਰੇਸ਼ਾਨ ਕਰਦੀ ਹੈ। ਬੱਚਿਆਂ ਨੂੰ ਕਿਉਂ? ਉਨ੍ਹਾਂ ਦਾ ਕੋਈ ਕਸੂਰ ਨਹੀਂ ਸੀ। ਬਿਨਾਂ ਪਿਉਵਾਂ ਦੇ ਉਨ੍ਹਾਂ ਨੂੰ ਕਿਸ ਨੇ ਸੰਭਾਲਣਾ ਸੀ? ਅਸੀਂ ਇਨ੍ਹਾਂ ਸਵਾਲਾਂ ਅਤੇ ਇਤਰਾਜ਼ਾਂ ਦੇ ਜਵਾਬ ਕਿਵੇਂ ਦੇ ਸਕਦੇ ਹਾਂ?

ਸਾਨੂੰ ਇਹ ਮੰਨ ਲੈਣਾ ਚੰਗਾ ਲੱਗੇਗਾ ਕਿ ਇਨ੍ਹਾਂ ਪਤਨੀਆਂ ਅਤੇ ਬੱਚਿਆਂ ਨੂੰ ਕੱਢ ਦਿੱਤਾ ਜਾਣ ਤੇ ਉਨ੍ਹਾਂ ਦੇ ਸਾਬਕਾ ਪਤੀਆਂ ਅਤੇ ਪਿਉਵਾਂ ਵੱਲੋਂ ਉਨ੍ਹਾਂ ਲਈ ਕੁਝ ਇੰਤਜ਼ਾਮ ਕੀਤਾ ਗਿਆ। ਸ਼ਾਇਦ ਉਨ੍ਹਾਂ ਦੇ ਨੇੜੇ ਰਹਿੰਦੇ ਨਜ਼ਦੀਕੀ (ਗੈਰਕੌਮ) ਰਿਸ਼ਤੇਦਾਰ ਸਨ ਜਿਸ ਕਰਕੇ ਛੱਡ ਦਿੱਤੇ ਜਾਣ ਤੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਭੁੱਖਮਰੀ ਜਾਂ ਬੇਸਹਾਰਾ ਹੋਣ ਦਾ ਖ਼ਤਰਾ ਨਹੀਂ ਸੀ। ਇਹ ਵੀ ਹੋ ਸਕਦਾ ਹੈ ਕਿ ਖ਼ੁਦਾ ਨੇ ਉਨ੍ਹਾਂ ਨੂੰ ਐਨੇ ਭ੍ਰਸ਼ਟ ਮੰਨਿਆ ਅਤੇ ਐਨਾ ਭ੍ਰਸ਼ਟ ਪ੍ਰਭਾਵ ਪਾਉਣ ਵਾਲੇ ਮੰਨਿਆ ਕਿ ਉਸ ਨੇ ਨਹੀਂ ਚਾਹਿਆ ਕਿ ਯਹੂਦੀ ਲੋਕ ਆਪਣੀਆਂ ਉਨ੍ਹਾਂ ਛੱਡ ਦਿੱਤੀਆਂ ਗਈਆਂ ਪਤਨੀਆਂ ਦੀ ਪਰਵਾਹ ਕਰਨ। ਸਾਨੂੰ ਐਨਾ ਪਤਾ ਹੈ ਕਿ ਇਵੇਂ ਹੀ ਹੋਇਆ। ਇਹ ਤਰੀਕਾ ਜ਼ਿਆਦਤੀ ਭਰਿਆ ਸੀ ਪਰ ਅਸਰਦਾਇਕ ਹੋਇਆ। ਅਜ਼ਰਾ ਅਤੇ ਬਾਅਦ ਵਿਚ ਨਹਮਯਾਹ ਦੀਆਂ ਕੋਸ਼ਿਸ਼ਾਂ ਨਾਲ ਯਹੂਦੀਆਂ ਨੂੰ ਬੁੱਤਪ੍ਰਸਤੀ ਵਿਚ ਡਿੱਗਣ ਤੋਂ ਬਚਾ ਲਿਆ ਗਿਆ।

*ਅਸੀਂ ਕੀ ਸਿੱਖ ਸਕਦੇ ਹਾਂ?* ਸਾਨੂੰ ਇਸ ਖ਼ਾਸ ਪਾਪ ਤੋਂ ਅਤੇ ਅਜ਼ਰਾ ਵਿਚ ਮਿਲਣ ਵਾਲੇ ਹੱਲ ਤੋਂ ਕੀ ਸਬਕ ਲੈਣਾ ਚਾਹੀਦਾ ਹੈ? ਪਹਿਲਾਂ ਅਸੀਂ ਉਨ੍ਹਾਂ ਦੋ ਤਰੀਕਿਆਂ ਤੇ ਵਿਚਾਰ ਕਰਾਂਗੇ ਜਿਸ ਕਰਕੇ ਇਸ ਹਵਾਲੇ ਨੂੰ ਨਹੀਂ ਵਰਤਿਆ ਜਾਣਾ ਚਾਹੀਦਾ ਅਤੇ ਫਿਰ ਇਸ ਕਰਕੇ ਜਿਸ ਕਰਕੇ ਇਸ ਨੂੰ ਵਰਤਿਆ ਜਾਣਾ ਚਾਹੀਦਾ ਹੈ।

1. ਇਸ ਹਵਾਲੇ ਨੂੰ ਅੰਤਰਜਾਤੀ ਵਿਆਹ ਲਈ ਵਰਤਣਾ ਬੇਮੇਲ ਹੈ। ਖ਼ੁਦਾ ਨੇ ਬਾਈਬਲ ਵਿਚ ਨਾ ਤਾਂ ਇੱਥੇ ਅਤੇ ਨਾ ਕਿਤੇ ਹੋਰ ਅੰਤਰਾਜਾਤੀ ਵਿਆਹ ਦੀ ਮਨਾਹੀ ਕੀਤੀ। ਉਸ ਨੂੰ ਆਪਣੇ ਲੋਕਾਂ ਦੀ ਚਮੜੀ ਦੇ ਰੰਗ ਦੀ ਨਹੀਂ ਬਲਕਿ ਉਨ੍ਹਾਂ ਦੇ ਵਿਸ਼ਵਾਸ ਦੀ ਪਰਵਾਹ ਹੈ।

2. ਇਸ ਤੋਂ ਇਲਾਵਾ ਇਹ ਹਵਾਲਾ ਮੁੱਖ ਤੌਰ ਤੇ ਤਲਾਕ ਹੋ ਜਾਣ ਤੋਂ ਬਾਅਦ ਕੀਤੇ ਗਏ ਵਿਆਹਾਂ ਨਾਲ ਸਬੰਧਿਤ ਨਹੀਂ ਹੈ। ਭਾਵੇਂ ਕੁਝ ਯਹੂਦੀ ਆਦਮੀਆਂ ਨੇ ਵਿਦੇਸ਼ੀ ਪਤਨੀਆਂ ਨਾਲ ਵਿਆਹ ਕਰਨ ਲਈ ਆਪਣੀਆਂ ਯਹੂਦੀ ਪਤਨੀਆਂ ਨੂੰ ਤਲਾਕ ਦਿੱਤਾ ਹੋ ਸਕਦਾ ਹੈ (ਜਿਵੇਂ ਮਲਾਕੀ 2:10–16 ਵਿਚਲੇ ਮਾਮਲੇ ਵਿਚ ਲਗਦਾ ਹੈ)। ਅਜ਼ਰਾ ਦੀ ਕਿਤਾਬ ਵਿਆਹ, ਤਲਾਕ ਅਤੇ ਮੁੜ ਵਿਆਹ ਦੀ ਮੁਸ਼ਕਿਲ ਤੇ ਫੋਕਸ ਨਹੀਂ ਕਰਦੀ।

ਅਜ਼ਰਾ ਦੇ ਸਮੇਂ ਤੇ ਇਕ ਵੱਖਰਾ ਨਿਯਮ ਸੀ। ਖ਼ੁਦਾ ਵਫ਼ਾਦਾਰ ਲੋਕਾਂ ਨੂੰ ਸੰਭਾਲ ਕੇ ਰੱਖ ਰਿਹਾ ਸੀ ਜਿਨ੍ਹਾਂ ਦੇ ਰਾਹੀਂ ਮਸੀਹਾ ਨੇ ਆਉਣਾ ਸੀ। ਇਸ ਕਰਕੇ ਸਖ਼ਤ ਕਦਮ ਲਿਆ ਗਿਆ ਜਿਸ ਵਿਚ ਬੇਵਿਸ਼ਵਾਸਿਆਂ ਨੂੰ ਖ਼ੁਦਾ ਦੇ ਲੋਕਾਂ ਵਿੱਚੋਂ ਕੱਢ ਦਿੱਤਾ ਗਿਆ। ਅਜ਼ਰਾ ਨੂੰ ਧਾਰਮਿਕ ਤੌਰ ਤੇ ਰਲੇ ਮਿਲੇ ਵਿਆਹਾਂ ਦੀ ਚਿੰਤਾ ਸੀ। ਇਹ ਕਹਿਣਾ ਤਰਕਸੰਗਤ ਹੈ ਕਿ ਅਜ਼ਰਾ ਦੀ ਕਿਤਾਬ ਇਕ ਨਿਯਮ

ਨੂੰ ਦੱਸਦੀ ਹੈ ਜਿਹੜਾ ਅੱਜ ਲਾਗੂ ਹੈ ਕਿ ਖ਼ੁਦਾ ਦੇ ਲੋਕਾਂ ਨੂੰ ਦੂਜੇ ਵਿਸ਼ਵਾਸੀਆਂ ਨਾਲ ਵਿਆਹ ਕਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੇ ਮਨ ਖ਼ੁਦਾ ਤੋਂ ਦੂਰ ਨਾ ਹੋਣ। ਬਹੁਤ ਸਾਰੇ ਮਸੀਹੀ ਲੋਕਾਂ ਨੇ ਵਿਸ਼ਵਾਸ ਤੋਂ ਬਾਹਰ ਵਿਆਹ ਕੀਤੇ ਹੋਏ ਹਨ ਜਿਸ ਕਰਕੇ ਉਹ ਪ੍ਰਭੂ ਤੋਂ ਬੇਵਫ਼ਾ ਹੋ ਗਏ ਹਨ। ਭਾਵੇਂ ਉਹ ਵਫ਼ਾਦਾਰ ਵੀ ਰਹੇ ਹੋਣ ਤਾਂ ਵੀ ਮਸੀਹ ਦੀ ਸੇਵਾ ਕਰਦਿਆਂ ਉਨ੍ਹਾਂ ਦੇ ਰਾਹ ਵਿਚ ਰੁਕਾਵਟਾਂ ਆਈਆਂ। ਆਮ ਤੌਰ ਤੇ ਉਨ੍ਹਾਂ ਨੂੰ ਲਗਾਤਾਰ ਬੰਦਗੀ ਵਿਚ ਜਾਣ, ਖੁੱਲ੍ਹਦਿਲੀ ਨਾਲ ਚੰਦਾ ਦੇਣ ਜਾਂ ਖ਼ੁਦਾ ਦੀ ਸੇਵਾ ਵਿਚ ਆਪਣੇ ਘਰਾਂ ਅਤੇ ਆਪਣੇ ਗੁਣਾਂ ਨੂੰ ਵਰਤਣ ਵਿਚ ਦਿੱਕਤ ਪੇਸ਼ ਆਉਂਦੀ ਹੈ। ''ਪ੍ਰਭੂ ਦੀ ਸਿੱਖਿਆ ਅਤੇ ਮੱਤ ਦੇ ਕੇ'' ਆਪਣੇ ਬੱਚਿਆਂ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰਦਿਆਂ ਵੀ, ਉਨ੍ਹਾਂ ਨੂੰ ਮੁਸ਼ਕਿਲਾਂ ਪੇਸ਼ ਆ ਸਕਦੀਆਂ ਹਨ (ਅਫ਼ਸੀਆਂ 6:4)। ਉਨ੍ਹਾਂ ਨੂੰ ਸ਼ਾਬਾਸ਼ੇ, ਜਿੰਨ੍ਹਾਂ ਬਹੁਤ ਸਾਰੇ ਮਸੀਹੀਆਂ ਨੇ ਆਪਣੇ ਬੇਵਿਸ਼ਵਾਸੇ ਸਾਥੀ ਨੂੰ ਮਸੀਹ ਵਿਚ ਲਿਆਂਦਾ ਹੈ। ਪਰ ਹੋਰਨਾਂ ਨੇ ਚਾਹਿਆ ਤਾਂ ਸੀ ਪਰ ਲਿਆ ਨਾ ਸਕੇ।

ਫਿਰ ਵੀ ਸਾਨੂੰ ਇਹ ਮੰਨਣਾ ਪਵੇਗਾ ਕਿ ਨਵਾਂ ਨੇਮ ਸਾਨੂੰ ਇਸ ਵਿਸ਼ੇ ਤੇ ਜ਼ਾਹਿਰ ਤੌਰ ਤੇ ਉਵੇਂ ਪਾਬੰਦੀ ਲਾ ਕੇ ਨਹੀਂ ਸਿਖਾਉਂਦਾ ਜਿਵੇਂ ਮੂਸਾ ਦੀ ਸ਼ਰ੍ਹਾ ਸਿਖਾਉਂਦੀ ਸੀ, ਜਿਸ ਵਿਚ ਸਾਫ਼ ਹੀ ਬੇਪਰਤੀਤਿਆਂ ਨਾਲ ਵਿਆਹ ਕਰਨ ਦੀ ਮਨਾਹੀ ਸੀ। ਪੌਲੁਸ ਨੇ ਭਾਵੇਂ ਲਿਖਿਆ ਹੈ ਕਿ ਅਸੀਂ ''ਬੇਪਰਤੀਤਿਆਂ ਨਾਲ ਅਣਸਾਵੇਂ ਨਾ'' ਜੁੱਤੀਏ (2 ਕੁਰਿੰਥੀਆਂ 6:14), ਪਰ ਉਸਨੇ (ਅਤੇ ਹੋਰਨਾਂ ਨੇ ਵੀ) ਇਹ ਸਾਫ਼ ਕਰ ਦਿੱਤਾ ਕਿ ਕਿਸੇ ਮਸੀਹੀ ਲਈ ਕਿਸੇ ਬੇਵਿਸ਼ਵਾਸੇ ਨਾਲ ਵਿਆਹ ਕਰਨਾ ਪਾਪ ਨਹੀਂ ਹੈ। ਉਸ ਨੇ ਸਾਫ਼ ਕੀਤਾ ਕਿ ਕਿਸੇ ਮਸੀਹੀ ਲਈ ''ਬੇਪਰਤੀਤੇ'' ਨੂੰ ਤਲਾਕ ਦੇਣ ਲਈ ਉਸ ਦਾ ਬੇਪਰਤੀਤਾ ਹੋਣਾ ਜਾਇਜ਼ ਕਾਰਣ ਨਹੀਂ ਹੈ (1 ਕੁਰਿੰਥੀਆਂ 7:12–14; ਵੇਖੋ 1 ਪਤਰਸ 3:1, 2)। ਇਹ ਨਿਰਦੇਸ਼ ਅਜ਼ਰਾ ਵੱਲੋਂ ਯਹੂਦੀਆਂ ਤੋਂ ''ਆਪਣੀਆਂ *[ਵਿਦੇਸ਼ੀ]* ਤੀਵੀਆਂ ਨੂੰ ਕੱਢ'' ਦੇਣ ਦੀ ਉਮੀਦ ਦੇ ਬਿਲਕੁਲ ਉਲਟ ਹੈ (10:19)।

ਨਵੇਂ ਨੇਮ ਦੀ ਸਿੱਖਿਆ ਤੋਂ ਅਸੀਂ ਚਾਰ ਨਿਚੋੜ ਕੱਢਦੇ ਹਾਂ:

1. ਮਸੀਹੀ ਵਿਅਕਤੀ ਲਈ ਗੈਰ ਮਸੀਹੀ ਨਾਲ ਵਿਆਹ ਕਰਨ ਦਾ ਵਿਚਾਰ ਓਸੇ ਕਾਰਣ ਕਰਕੇ ਚੰਗਾ ਨਹੀਂ ਹੈ ਜਿਸ ਕਰਕੇ ਇਸਰਾਏਲੀਆਂ ਲਈ ਬੇਪਰਤੀਤਿਆਂ ਨਾਲ ਵਿਆਹ ਕਰਨਾ ਪਾਪ ਸੀ, ਕਿਉਂ ਜੋ ਮੁਮਕਿਨ ਹੈ ਕਿ ਬੇਪਰਤੀਤਾ, ਮਸੀਹੀ ਵਿਅਕਤੀ ਨੂੰ ਪ੍ਰਭੂ ਤੋਂ ਦੂਰ ਲਿਜਾਣ ਦਾ ਕਾਰਣ ਬਣ ਜਾਵੇ।

2. ਮਸੀਹੀ ਵਿਅਕਤੀ ਬਿਨਾਂ ਪਾਪ ਕੀਤਿਆਂ ਕਿਸੇ ਗੈਰ ਮਸੀਹੀ ਨਾਲ ਵਿਆਹ ਕਰ ਸਕਦਾ ਹੈ (ਭਾਵੇਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਨਾਲ ਉਸ ਦੀ ਰੂਹਾਨੀ ਜ਼ਿੰਦਗੀ ਵਿਚ ਪਰੇਸ਼ਾਨੀ ਵਧੇਗੀ)। ਇਹ ਗੱਲ ਇਸ ਤੱਥ ਤੋਂ ਸਪੱਸ਼ਟ ਹੈ ਕਿ ਨਵੇਂ ਨੇਮ ਦੇ ਹਵਾਲੇ ਮਸੀਹੀ ਲੋਕਾਂ ਨੂੰ ਦੱਸਦੇ ਹਨ ਕਿ ਗੈਰ ਮਸੀਹੀਆਂ ਨਾਲ ਵਿਆਹ ਕਰਨ ਤੇ ਉਹ ਕੀ ਕਰਨ (1 ਕੁਰਿੰਥੀਆਂ 7:12, 13; 1 ਪਤਰਸ 3:1–6)।

3. ਮਸੀਹੀ ਆਦਮੀ ਜਾਂ ਔਰਤ ਨੂੰ ਉਸ ਨਾਲ ਵਿਆਹੇ ਗੈਰ ਮਸੀਹੀ ਨੂੰ ਸਿਰਫ਼ ਇਸ ਕਰਕੇ ਤਲਾਕ ਦੇਣ ਦਾ ਕੋਈ ਹੱਕ ਨਹੀਂ ਹੈ ਕਿ ਉਹ ਮਸੀਹੀ ਨਹੀਂ ਹੈ। ਇਸ ਦੇ ਉਲਟ ਪੌਲੁਸ ਨੇ ਖ਼ਾਸ ਤੌਰ ਤੇ ਕਿਹਾ ਕਿ ਮਸੀਹੀ ਵਿਅਕਤੀ ਆਪਣੇ ਗੈਰ ਮਸੀਹੀ ਪਤੀ ਜਾਂ ਪਤਨੀ ਨੂੰ ਨਾ ਛੱਡੇ:

> ... ਜੇ ਕਿਸੇ ਭਰਾ ਦੀ ਬੇਪਰਤੀਤ ਪਤਨੀ ਹੋਵੇ ਅਤੇ ਇਹ ਉਸ ਦੇ ਨਾਲ ਵੱਸਣ ਨੂੰ ਪਰਸੰਨ ਹੋਵੇ ਤਾਂ ਪੁਰਖ ਉਸ ਨੂੰ ਨਾ ਤਿਆਗੇ। ਅਤੇ ਜਿਹੜੀ ਪਤਨੀ ਦਾ ਬੇਪਰਤੀਤ ਪਤੀ ਹੋਵੇ ਅਤੇ ਇਹ ਉਸ ਦੇ ਨਾਲ ਰਹਿਣ ਨੂੰ ਪਰਸੰਨ ਹੋਵੇ ਤਾਂ ਉਹ ਆਪਣੇ ਪਤੀ ਨੂੰ ਨਾ ਤਿਆਗੇ (1 ਕੁਰਿੰਥੀਆਂ 7:12, 13)।

4. ਗੈਰ ਮਸੀਹੀ ਨਾਲ ਵਿਆਹੇ ਮਸੀਹੀ ਆਦਮੀ ਜਾਂ ਔਰਤ ਲਈ ਆਪਣੀ ਪਤਨੀ ਜਾਂ ਆਪਣੇ ਪਤੀ ਨਾਲ ਇਸ ਤਰ੍ਹਾਂ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਸਦੀ ਪਤਨੀ ਜਾਂ ਪਤੀ ਮਸੀਹ ਵੱਲ ਖਿੱਚਿਆ ਜਾਵੇ। 1 ਪਤਰਸ 3: 1–6 ਵਿਚ ਪਤਰਸ ਨੇ ਇਹੀ ਆਖਿਆ:

> ਇਸੇ ਪਰਕਾਰ ਹੇ ਪਤਨੀਓ, ਆਪਣਿਆਂ ਪਤੀਆਂ ਦੇ ਅਧੀਨ ਹੋਵੋ ਭਈ ਜੇ ਕੋਈ ਵਚਨ ਨਾ ਵੀ ਮੰਨਦੇ ਹੋਣ ਤਾਂ ਓਹ ਵਚਨ ਤੋਂ ਬਿਨਾ ਆਪਣੀਆਂ ਪਤਨੀਆਂ ਦੀ ਚਾਲ ਢਾਲ ਦੇ ਕਾਰਣ ਖਿੱਚੇ ਜਾਣ। ਜਿਸ ਵੇਲੇ ਓਹ ਤੁਹਾਡੀ ਪਵਿੱਤਰ ਚਾਲ ਢਾਲ ਨੂੰ ਜੋ ਅਦਬ ਦੇ ਨਾਲ ਹੋਵੇ ਵੇਖ ਲੈਣ। ਅਤੇ ਤੁਹਾਡਾ ਸਿੰਗਾਰ ਸਿਰ ਗੁੰਦਣ ਅਤੇ ਸੋਨੇ ਦੇ ਗਹਿਣੇ ਪਾਉਣ ਅਥਵਾ ਬਸਤਰ ਪਹਿਨਣ ਦੇ ਨਾਲ ਬਾਹਰਲਾ ਨਾ ਹੋਵੇ। ਪਰ ਉਹ ਮਨ ਦੀ ਗੁਪਤ ਇਨਸਾਨੀਅਤ ਹੋਵੇ ਜਿਹੜੀ ਓਸ ਅਵਨਾਸੀ ਸਿੰਗਾਰ ਨਾਲ ਹੈ ਅਰਥਾਤ ਕੋਮਲ ਅਤੇ ਗੰਭੀਰ ਆਤਮਾ ਨਾਲ ਕਿਉਂ ਜੋ ਇਹ ਪਰਮੇਸ਼ੁਰ ਦੇ ਲੇਖੇ ਵੱਡੇ ਮੁੱਲ ਦਾ ਹੈ। ਕਿਉਂ ਜੋ ਇਸੇ ਤਰਾਂ ਅਗਲੇ ਸਮਿਆਂ ਵਿਚ ਪਵਿੱਤਰ ਇਸਤ੍ਰੀਆਂ ਜਿਹੜੀਆਂ ਪਰਮੇਸ਼ੁਰ ਉੱਤੇ ਆਸ ਰੱਖਦੀਆਂ ਸਨ ਆਪਣਿਆਂ ਪੁਰਸ਼ਾਂ ਦੇ ਅਧੀਨ ਹੋ ਕੇ ਆਪਣੇ ਆਪ ਨੂੰ ਸਿੰਗਾਰਦੀਆਂ ਸਨ। ਜਿਵੇਂ ਸਾਰਾਹ ਅਬਰਾਹਾਮ ਨੂੰ ਸੁਆਮੀ ਕਹਿ ਕੇ ਉਹ ਦੇ ਅਧੀਨ ਰਹੀ ਜਿਹ ਦੀਆਂ ਤੁਸੀਂ ਬੱਚੀਆਂ ਹੋਈਆਂ ਜੇ ਸ਼ੁਭ ਕਰਮ ਕਰਦੀਆਂ ਅਤੇ ਕਿਸੇ ਪਰਕਾਰ ਦੇ ਡਹਿਲ ਨਾਲ ਨਾ ਡਰਦੀਆਂ ਹੋਵੋ।

ਬਹੁਤ ਸਾਰੇ ਵਿਸ਼ਵਾਸੀ ਮਸੀਹੀ (ਮੇਰੇ ਪਿਤਾ ਸਣੇ) ਇੱਥੋਂ ਤਕ ਕਿ ਕਲੀਸੀਆ ਦੇ ਕੁਝ ਆਗੂ ਵੀ, ਮਸੀਹੀ ਬਣ ਗਏ ਕਿਉਂ ਜੋ ਉਨ੍ਹਾਂ ਨੇ ਵਿਸ਼ਵਾਸੀ ਮਸੀਹੀ ਪਤਨੀਆਂ ਨਾਲ ਵਿਆਹ ਕੀਤਾ। ਖ਼ੁਦਾ ਉਨ੍ਹਾਂ ਪਤਨੀਆਂ ਨੂੰ ਬਰਕਤ ਦਵੇ ਜਿਹੜੀਆਂ ਪਤਰਸ ਦੇ ਨਿਰਦੇਸ਼ਾਂ ਨੂੰ ਮੰਨਦੀਆਂ ਹਨ ਅਤੇ ਆਪਣੇ ਵਿਹਾਰ ਨਾਲ, ਆਪਣੇ ਪਤੀਆਂ ਨੂੰ ਪ੍ਰਭੂ ਲਈ ਜਿੱਤਦੀਆਂ ਹਨ!

*ਸਾਰ।* ਅਜ਼ਰਾ ਦੀ ਕਿਤਾਬ ਸਾਨੂੰ ਦੱਸਦੀ ਹੈ ਕਿ ਧਾਰਮਿਕ ਤੌਰ ਤੇ ਰਲੇ–ਮਿਲੇ ਵਿਆਹ ਮੁਸ਼ਕਿਲ ਪੈਦਾ ਕਰਦੇ ਹਨ। ਮਸੀਹੀ ਲੋਕ ਸਿਰਫ਼ ਮਸੀਹੀ ਲੋਕਾਂ ਨਾਲ ਵਿਆਹ ਕਰਨ ਦਾ ਇਰਾਦਾ ਕਰਕੇ ਅਜਿਹੀਆਂ ਮੁਸ਼ਕਿਲਾਂ ਤੋਂ ਬਚ ਸਕਦੇ ਹਨ।

**ਕੀ ਅਸੀਂ ਦੂਜਿਆਂ ਨੂੰ ਦੱਸੀਏ?** (9: 1)

ਯਹੂਦਾ ਦੇ ''ਸਰਦਾਰਾਂ'' ਨੇ ਦੂਜਿਆਂ ਦੀ ਖ਼ਬਰ ਦਿੱਤੀ। ਉਨ੍ਹਾਂ ਨੇ ਅਜ਼ਰਾ ਨੂੰ ਦੱਸਿਆ ਕਿ ਯਹੂਦਾ ਦੇ ਆਗੂਆਂ ਅਤੇ ਲੋਕਾਂ ਨੇ ਦੇਸ਼ ਦੇ ਕਾਫ਼ਿਰ ਲੋਕਾਂ ਨਾਲ ਅੰਤਰਜਾਤੀ ਵਿਆਹ ਕਰ ਲਏ ਹਨ। ਉਸ ਪਾਪ ਦੀ ਖ਼ਬਰ ਦੇਣ ਵਾਲਿਆਂ ਨੂੰ ਅੱਜ ਦੇ ਸਮੇਂ ਵਿਚ ''ਖ਼ਬਰੀ'' ਕਿਹਾ ਜਾ ਸਕਦਾ ਹੈ (ਜਿਵੇਂ ਕਈ ਵਾਰ ਬੱਚਿਆਂ ਨੂੰ ''ਚੁਗਲਖੋਰ'' ਆਖ ਦਿੱਤਾ ਜਾਂਦਾ ਹੈ)। ਆਧੁਨਿਕ ਸੱਭਿਅਤਾਵਾਂ ਵਿਚ ਆਮ ਤੌਰ ਤੇ ਉਨ੍ਹਾਂ ਲੋਕਾਂ ਨੂੰ ਗਲਤ ਕਿਹਾ ਜਾਂਦਾ ਹੈ ਜਿਹੜੇ ਆਪਣੇ ਦੋਸਤਾਂ ਜਾਂ ਭਰਾਵਾਂ ਦੀਆਂ ਗਲਤੀਆਂ ਨੂੰ ਅਧਿਕਾਰੀਆਂ ਨੂੰ ਦੱਸ ਕੇ ਉਨ੍ਹਾਂ ਦੀ ''ਚੁਗਲੀ ਕਰਦੇ'' ਹਨ। ਮਸੀਹੀ ਲੋਕਾਂ ਨੂੰ ਅਜਿਹੀਆਂ ਕਾਰਵਾਹੀਆਂ ਕਰਨ ਬਾਰੇ ਕੀ ਸੋਚਣਾ ਚਾਹੀਦਾ ਹੈ?

ਬਾਈਬਲ ਦੂਜਿਆਂ ਦੀ ''ਖ਼ਬਰ'' ਦੇਣ ਨੂੰ ਖ਼ਾਸ ਤੌਰ ਤੇ ਗਲਤ ਨਹੀਂ ਕਹਿੰਦੀ। ਅਜਿਹਾ ਕਰਨ ਦੀ ਮਨਾਹੀ ਵਧੇਰੇ ਕਰਕੇ ਬਾਈਬਲੀ ਨਹੀਂ ਬਲਕਿ ਸੱਭਿਆਚਾਰਕ ਹੈ। ਪਰ ਬਾਈਬਲ ਫ਼ਿਜ਼ੂਲ ਗੱਲਾਂ ਅਤੇ ਚੁਗਲੀ ਕਰਨ ਨੂੰ ਗਲਤ ਕਹਿੰਦੀ ਹੈ। ਸੁਆਦ ਲੈਣ ਜਾਂ ਬਦਨੀਤੀ ਨਾਲ ਦੂਜਿਆਂ ਦੀ ਗਲਤੀ ਦੀ ਖ਼ਬਰ ਦੇਣ ਨੂੰ ਗਲਤ ਕਿਹਾ ਗਿਆ ਹੈ।

ਮਸੀਹੀ ਵਿਅਕਤੀ ਦੀ ਸਭ ਤੋਂ ਵੱਧ ਵਫ਼ਾਦਾਰੀ ਪ੍ਰਭੂ ਨਾਲ ਹੋਣੀ ਚਾਹੀਦੀ ਹੈ ਜਿਹਦੇ ਲਈ ਉਹ ਦੂਜਿਆਂ ਦੀ ਮਦਦ ਕਰਨ ਦੇ ਨਾਲ ਨਾਲ ਸਚਿਆਈ ਨਾਲ ਬੱਧਾ ਹੋਣਾ ਜ਼ਰੂਰੀ ਹੈ। ਇਸ ਕਰਕੇ ਮਸੀਹੀ ਵਿਅਕਤੀ ਕਿਸੇ ਦੇ ਪਾਪ ਜਾਂ ਗੈਰ ਕਾਨੂੰਨੀ ਕੰਮਾਂ ਬਾਰੇ ਦੱਸਣ ਦੇ ਪ੍ਰਭੂ ਜਾਂ ਸ਼ਰ੍ਹਾ ਦੇ ਹੁਕਮ

ਮੰਨਣ ਲਈ ਜ਼ਰੂਰੀ ਹੋਣ ਤੇ ਉਸਦਾ ਬਚਾਅ ਨਾ ਕਰੇ। ਲੋਕਾਂ ਨੂੰ ਗਲਤ ਕੰਮ ਕਰਨ ਦੇਣਾ ਉਨ੍ਹਾਂ ਦੀ ਸੇਵਾ ਨਹੀਂ ਹੈ ਕਿਉਂਕਿ ਇਹ ਉਨ੍ਹਾਂ ਦੀ ਮਦਦ ਕਰਨਾ ਨਹੀਂ ਬਲਕਿ ਉਨ੍ਹਾਂ ਲਈ ਨੁਕਸਾਨ ਹੈ। ਜੇ ਕੋਈ ਭਾਈ ਪਾਪ ਵਿਚ ਹੋਵੇ, ਤਾਂ ਉਸ ਨੂੰ ਉਸ ਦੇ ਪਾਪ ਦੇ ਨਤੀਜਿਆਂ ਨੂੰ ਭੁਗਤਣ ਦੇਣਾ ਜ਼ਰੂਰੀ ਹੈ। ਦੂਜਿਆਂ ਦੀ ''ਖ਼ਬਰ ਦੇਣਾ'' ਸਹੀ ਹੈ ਜਾਂ ਗਲਤ ਇਹ ਖ਼ਬਰ ਦੇਣ ਵਾਲੇ ਦੇ ਇਰਾਦੇ ਤੇ ਨਿਰਭਰ ਕਰਦਾ ਹੈ। ਜੇ ਉਹਦਾ ਟੀਚਾ ਪ੍ਰਭੂ ਨੂੰ ਭਾਉਣਾ, ਸ਼ਰ੍ਹਾ ਦਾ ਹੁਕਮ ਮੰਨਣਾ, ਸਮਾਜ ਨੂੰ ਲਾਭ ਪਹੁੰਚਾਉਣਾ ਅਤੇ ਸਚਮੁਚ ਵਿਚ ਗਲਤੀ ਕਰਨ ਵਾਲੇ ਦੀ ਮਦਦ ਕਰਨਾ ਹੈ, ਤਾਂ ਉਹ ਯੋਗ ਅਧਿਕਾਰੀਆਂ ਕੋਲ ਜਾ ਕੇ ਦੱਸ ਸਕਦਾ ਹੈ ਅਤੇ ਉਸ ਨੂੰ ਦੱਸਣਾ ਚਾਹੀਦਾ ਹੈ ਕਿ ਕੀ ਗਲਤ ਹੋਇਆ।

ਅਜ਼ਰਾ 9 ਵਿਚ ਖ਼ਬਰੀ ਲੋੜੀਂਦੇ ਸੁਧਾਰ ਸ਼ੁਰੂ ਕਰਕੇ ਮਦਦਗਾਰ ਹੋ ਰਹੇ ਸਨ। ਅੱਜ ਜਿਹੜੇ ਖ਼ਬਰੀ ਨੇਕ ਇਰਾਦੇ ਰੱਖਦੇ ਹਨ ਉਹ ਵੀ ਅਜਿਹਾ ਹੀ ਕਰ ਰਹੇ ਹਨ।

**ਸਾਡੀਆਂ ਜਨਤਕ ਦੁਆਵਾਂ** (9:6-15)

ਅਜ਼ਰਾ 9:6–15 ਵਿਚ ਅਜ਼ਰਾ ਦੇ ਉਸ ਨੂੰ ਇਹ ਪਤਾ ਲੱਗਣ ਤੋਂ ਬਾਅਦ ਕਿ ਯਹੂਦੀਆਂ ਨੇ ਦੇਸ਼ ਦੇ ਕਾਫ਼ਿਰ ਲੋਕਾਂ ਨਾਲ ਅੰਤਰਜਾਤੀ ਵਿਆਹ ਕਰ ਲਏ ਸਨ, ਉਸ ਦੀ ਇਕ ਖ਼ੂਬਸੂਰਤ ਦੁਆ ਮਿਲਦੀ ਹੈ। ਕਈ ਤਰੀਕਿਆਂ ਨਾਲ ਉਸ ਦੀ ਦੁਆ ਅੱਜ ਜਨਤਕ ਪ੍ਰਾਰਥਨਾ ਲਈ ਇਕ ਨਮੂਨੇ ਦਾ ਕੰਮ ਕਰਦੀ ਹੈ।

*ਦੁਆ ਦੀਆਂ ਗੱਲਾਂ।* ਜਦ ਅਸੀਂ ਦੁਆ ਕਰਦੇ ਹਾਂ ਤਾਂ ਸਾਨੂੰ ਆਪਣੇ ਆਪ ਨੂੰ ਮਾਫ਼ ਕੀਤੇ ਬਿਨਾਂ ਆਪਣੇ ਪਾਪਾਂ ਨੂੰ ਮੰਨ ਲੈਣਾ ਜ਼ਰੂਰੀ ਹੈ। ਸਾਨੂੰ ਉਨ੍ਹਾਂ ਸਭ ਗੱਲਾਂ ਲਈ ਜਿਹੜੀਆਂ ਖ਼ੁਦਾ ਨੇ ਸਾਡੇ ਲਈ ਕੀਤੀਆਂ ਸਨ, ਇਹ ਮੰਨਦਿਆਂ ਕਿ ਅਸੀਂ ਉਹਦੀ ਕਿਸੇ ਵੀ ਬਰਕਤ ਦੇ ਹੱਕਦਾਰ ਨਹੀਂ ਹਾਂ, ਉਹਦੀ ਸ਼ੁਕਰਗੁਜ਼ਾਰੀ ਕਰਨੀ ਚਾਹੀਦੀ ਹੈ। ਸਾਨੂੰ ਉਸ ਦੇ ਰਹਿਮ, ਉਸ ਦੀ ਭਲਿਆਈ ਅਤੇ ਉਸ ਦੀ ਧਾਰਮਿਕਤਾ ਲਈ ਉਹਦੀ ਤਾਰੀਫ਼ ਕਰਨੀ ਚਾਹੀਦੀ ਹੈ।

*ਦੁਆ ਦਾ ਮਕਸਦ।* ਅਜ਼ਰਾ ਨੇ ਦੁਆ ਖ਼ੁਦਾ ਦਾ ਹੀ ਨਹੀਂ ਬਲਕਿ ਦੂਜੇ ਯਹੂਦੀਆਂ ਦਾ ਧਿਆਨ ਖਿੱਚਣ ਲਈ ਵੀ ਕੀਤੀ। ਉਹਦੀ ਦੁਆ ਲੋਕਾਂ ਨੂੰ ਸਿਖਾਉਣ ਅਤੇ ਉਨ੍ਹਾਂ ਤਕ ਪਹੁੰਚਣ ਦਾ ਇਕ ਜ਼ਰੀਆ ਸੀ ਜਿਸ ਨੇ ਉਨ੍ਹਾਂ ਨੂੰ ਤੋਬਾ ਕਰਨ ਲਈ ਉਭਾਰਿਆ। ਆਮ ਤੌਰ ਤੇ ਅਸੀਂ ਇਹ ਆਖਦੇ ਹਾਂ ਕਿ ਆਮ ਦੁਆ ਦੀ ਵਰਤੋਂ ਸੁਣਨ ਵਾਲਿਆਂ ਨੂੰ ਪ੍ਰਚਾਰ ਕਰਨ ਲਈ ਨਹੀਂ ਕਰਨੀ ਚਾਹੀਦੀ, ਕਿਉਂ ਜੋ ਦੁਆ ਵਿਚ ਖ਼ੁਦਾ ਨੂੰ ਸੰਬੋਧਨ ਕੀਤਾ ਜਾਂਦਾ ਹੈ। ਪਰ ਅਜ਼ਰਾ ਦੀ ਦੁਆ ਇਹ ਸੁਝਾਅ ਦਿੰਦੀ ਹੈ ਕਿ ਦੂਜਿਆਂ ਨੂੰ ਦੱਸਣ ਅਤੇ ਪ੍ਰੇਰਣਾ ਦੇਣ ਲਈ ਜਨਤਕ ਦੁਆ ਦੀ ਵਰਤੋਂ ਕਰਨ ਲਈ ਥਾਂ ਹੋ ਸਕਦੀ ਹੈ।

*ਜਨਤਕ ਦੁਆ ਦਾ ਅਸਰ।* ਅਜ਼ਰਾ ਦੇ ਨਾਲ ਦੇ ਯਹੂਦੀਆਂ ਨੂੰ ਪਤਾ ਸੀ ਕਿ ਉਸ ਦੀ ਦੁਆ ਇਕ ਅਜਿਹੇ ਵਿਅਕਤੀ ਵੱਲੋਂ ਕੀਤੀ ਜਾ ਰਹੀ ਹੈ ਜਿਹੜਾ ਉਸ ਕੰਮ ਲਈ ਜਿਹਦੇ ਲਈ ਉਹ ਜੋ ਦੁਆ ਕਰਦਾ ਸੀ, ਪੂਰੀ ਤਰ੍ਹਾਂ ਨਾਲ ਸਮਰਪਤ ਸੀ। ਕਿਸੇ ਕਪਟੀ ਦੀ ਦੁਆ ਭਾਵੇਂ ਕਿੰਨੇ ਵੀ ਸੁਚੱਜੇ ਢੰਗ ਨਾਲ ਕਿਉਂ ਨਾ ਕੀਤੀ ਗਈ ਹੋਵੇ, ਉਹ ਲੋਕਾਂ ਨੂੰ ਸਹੀ ਕੰਮ ਕਰਨ ਲਈ ਕਦੇ ਵੀ ਪ੍ਰੇਰਿਤ ਨਹੀ ਕਰੇਗੀ। ਪਰ ''ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ'' (ਯਾਕੂਬ 5:16)।

---

ਟਿੱਪਣੀਆਂ

[1]ਅਜ਼ਰਾ 9 ਅਧਿਆਇ ਪੂਰੇ ਦਾ ਪੂਰਾ ''ਅਜ਼ਰਾ ਦੀ ਆਤਮ ਕਥਾ'' ਦਾ ਇਕ ਹਿੱਸਾ ਹੈ। [2]ਉਦਾਹਰਣ ਲਈ ਲੈਸਲੀ ਸੀ. ਐਲਨ ਨੇ ਲਿਖਿਆ, ''ਅਸੀਂ ਉਮੀਦ ਕਰਦੇ ਹਾਂ *[ਪੰਜਵੇਂ ਮਹੀਨੇ ਅਤੇ ਨੌਂਵੇਂ ਮਹੀਨੇ ਵਿਚਾਲੇ]* ਫ਼ਾਸਲੇ ਵਿਚ ਕਿ ਅਜ਼ਰਾ ਨੇ ਲੋਕਾਂ ਨੂੰ *[ਸ਼ਰ੍ਹਾ]* ਸਿਖਾਈ ਹੋਵੇਗੀ। ਨਹਮਯਾਹ 8 ਅਧਿਆਇ ਜੋ

ਕਿ ਸਤਵੇਂ ਮਹੀਨੇ ਦਾ ਹੈ, ਵਿਚ ਅਸੀਂ ਇਹੀ ਪੜ੍ਹਦੇ ਹਾਂ। ਇਹ ਸੰਭਾਵਨਾ ਬਹੁਤੀ ਹੈ ਕਿ ਇਹ ਅਧਿਆਇ ਹੋਰ ਸੰਖੇਪ ਵਿਚ ਕਹੀਏ ਤਾਂ ਨਹਮਯਾਹ 7:73 ਤੋਂ ਸ਼ੁਰੂ ਕਰਕੇ, ਮੂਲ ਵਿਚ ਅਜ਼ਰਾ ਦੀ ਆਪਬੀਤੀ ਦਾ ਹਿੱਸਾ ਸੀ ਅਤੇ ਸੰਪਾਦਕ ਨੇ ਇਸ ਨੂੰ ਚੰਗੇ ਕਾਰਣਾਂ ਕਰਕੇ ਨਵੀਂ ਥਾਂ ਰੱਖ ਦਿੱਤਾ।'' (ਲੈਸਲੀ ਸੀ. ਐਲਨ ਐਂਡ ਤਿਮੋਥੀ ਐੱਸ. ਲੇਨਿਆਕ, *ਅਜ਼ਰਾ, ਨਹਮਯਾਹ, ਐਸਥੇਰ,* ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ [ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 2003], 71)। *ਦ ਇੰਟਰਪ੍ਰੇਟਰ'ਜ਼ ਵਨ-ਵੋਲਿਊਮ ਕਮੈਂਟਰੀ ਆਨ ਦ ਬਾਈਬਲ,* ਸੰਪਾ. ਚਾਰਲਸ ਐੱਮ. ਲੇਅਮਨ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1971), 225 ਵਿਚ ਵੇਖੋ ਚਾਰਲਸ ਟੀ. ਫਰਿੱਸ਼, ''ਦ ਬੁਕ ਆਫ਼ ਅਜ਼ਰਾ।'' [3]ਸੀ. ਐੱਫ਼. ਕੇਲ, *ਦ ਬੁਕ ਆਫ਼ ਅਜ਼ਰਾ, ਨਹਮਯਾਹ ਐਂਡ ਅਸਤਰ,* ਅਨੁ. ਸੋਫ਼ੀਆ ਟੇਲਰ, ਬਿਬਲੀਕਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., ਮਿਤੀ ਰਹਿਤ,), 115. [4]ਐੱਚ. ਜੀ. ਐੱਮ. ਵਿਲੀਅਮਸਨ, *ਅਜ਼ਰਾ, ਨਹਮਯਾਹ,* ਵਰਡ ਬਿਬਲੀਕਲ ਕਮੈਂਟਰੀ, ਜਿਲਦ 16 [ਵਾਕੋ, ਟੈਕਸਸ: ਵਰਡ ਬੁਕਸ, 1985], 129. [5]''ਸਰਦਾਰ'' ਲਈ ਇਬਰਾਨੀ ਸ਼ਬਦ (***śar***, *ਸੇਅਰ*) ਦਾ ਅਰਥ ''ਅਧਿਕਾਰੀ,'' ''ਪ੍ਰਧਾਨ'' ਜਾਂ ''ਲੀਡਰ'' ਹੈ ਅਤੇ ਜ਼ਰੂਰੀ ਨਹੀਂ ਕਿ ਇਸ ਦਾ ਅਰਥ ਸ਼ਾਹੀ ਖਾਨਦਾਨ ਵਿੱਚੋਂ ਹੋਵੇ (ਜਿਵੇਂ ਕਿ NASB ਵਿਚ ''ਪ੍ਰਿੰਸ'' ਹੈ – ਅਨੁਵਾਦਕ)। [6]*ਦ ਨਿਊ ਇੰਟਰਪ੍ਰੇਟਰ'ਜ਼ ਬਾਈਬਲ,* ਸੰਪਾ. ਲਿਏਂਡਰ ਈ. ਕੇੱਕ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1999), 3:735 ਵਿਚ ਰਾਲਫ ਡਬਲਯੂ. ਕਲੇਨ, ''ਦ ਬੁਕਸ ਆਫ਼ ਅਜ਼ਰਾ ਐਂਡ ਨਹਮਯਾਹ।'' ਪਰ ਇਕ ਹੋਰ ਟੀਕਾਕਾਰ ਨੇ ਸੁਝਾਅ ਦਿੱਤਾ ਹੈ ਕਿ ਹੋਰਨਾਂ ਬਰਕਤਾਂ ਦੇ ਵਰਣਨ ਲਈ ਵਰਤੇ ਗਏ ਸ਼ਬਦਾਂ ਦੇ ਨਾਲ ਨਾਲ ਇਨ੍ਹਾਂ ਆਇਤਾਂ ਵਿਚ ਬੋਲਿਆ ਗਿਆ ''ਥੋੜ੍ਹੇ ਚਿਰ'' ''ਖ਼ੁਦਾ ਦੀ ਰਹਿਮ ਭਰੀ ਕਾਰਵਾਹੀ ਦੀ ਬਜਾਇ ਬਰਾਦਰੀ ਦੀ ਹਾਲਤ ਦੇ ਪਤਲੇ ਹੋਣ ਤੇ ਜ਼ੋਰ ਦੇਣ ਲਈ ਹੈ।'' (ਮਾਰਕ ਏ. ਥ੍ਰੌਂਟਵੇਟ, *ਅਜ਼ਰਾ-ਨਹਮਯਾਹ,* ਇੰਟਰਪ੍ਰਿਟੇਸ਼ਨ [ਲੁਈਸਵਿੱਲ: ਜੌਨ ਨੌਕਸ ਪ੍ਰੈੱਸ, 1992], 53)। ''ਥੋੜ੍ਹੇ ਚਿਰ'' ਲਈ ਦਿੱਤੀਆਂ ਗਈਆਂ ਬਰਕਤਾਂ ਖ਼ਤਮ ਹੋ ਸਕਦੀਆਂ ਸਨ ਅਤੇ ਉਨ੍ਹਾਂ ਦੇ ਖ਼ਤਮ ਹੋਣ ਦਾ ਖ਼ਤਰਾ ਸੀ। [7]ਵਿਲੀਅਮਸਨ, 136. [8]ਥ੍ਰੌਂਟਵੇਟ, 54. [9]ਵੇਖੋ ਉਤਪਤ 6:1-7 (ਪਰਲੋ ਤੋਂ ਪਹਿਲਾਂ); ਗਿਣਤੀ 25:1-5 (ਮੂਸਾ ਦਾ ਸਮਾਂ); ਨਿਆਈਆਂ 2:10-16 (ਨਿਆਈਆਂ ਦਾ ਸਮਾਂ); ਅਤੇ 1 ਰਾਜਿਆਂ 11:1-13 ਅਤੇ ਨਹਮਯਾਹ 13:26 (ਸੁਲੇਮਾਨ ਦਾ ਸਮਾਂ)। [10]ਉਦਾਹਰਣ ਲਈ ਵੇਖੋ ਕੂਚ 12:48. ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਵਿਚ ਦੱਸੇ ਗਏ ਮੁਰੀਦਾਂ ਯਹੂਦੀ ਮੱਤ ਨੂੰ ਧਾਰਣ ਕਰਨ ਵਾਲਿਆਂ ਤੇ ਵਿਚਾਰ ਕਰੋ।

[11]ਅਜ਼ਰਾ 9:1 ਭਾਵੇਂ ''ਜਾਜਕ ਤੇ ਲੇਵੀ'' ਦੇ ਨਾਲ ਨਾਲ ''ਪਰਜਾ'' ਦੀ ਗੱਲ ਕਰਦਾ ਹੈ, ਪਰ 9:2 ਕਹਿੰਦਾ ਹੈ ਕਿ ''ਏਸ ਬੇਈਮਾਨੀ ਵਿਚ ਸਰਦਾਰਾਂ ਅਤੇ ਹਾਕਮਾਂ ਦਾ ਹੱਥ ਅੱਗੇ ਹੈ।''